Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 353 20/06/2026 www.samajweekly.com samajweekly @samajweekly samajweekly

## LONDON TRIAN COLILISON: ਦੋ ਰੇਲ ਗੱਡੀਆਂ ਦੀ ਟੱਕਰ; 50 ਤੋਂ ਵੱਧ ਜ਼ਖ਼ਮੀ

**ਲੰਡਨ,** । ਇੰਗਲੈਂਡ ਦੀ ਰਾਜਧਾਨੀ ਲੰਡਨ ਤੋਂ ਕਰੀਬ 60 ਮੀਲ ਉੱਤਰ ਵੱਲ ਸਥਿਤ ਬੈੱਡਫੋਰਡ ਨੇੜੇ ਸ਼ੁੱਕਰਵਾਰ ਸ਼ਾਮ ਦੋ ਯਾਤਰੀ ਰੇਲ ਗੱਡੀਆਂ ਦੀ ਟੱਕਰ ਹੋ ਗਈ, ਜਿਸ ਵਿੱਚ ਕਈ ਦਰਜਨ ਲੋਕਾਂ ਦੇ ਜ਼ਖ਼ਮੀ ਹੋਣ ਦੀਆਂ ਖ਼ਬਰਾਂ ਹਨ। ਹਾਦਸੇ ਤੋਂ ਬਾਅਦ ਬ੍ਰਿਟਿਸ਼ ਟਰਾਂਸਪੋਰਟ ਪੁਲੀਸ, ਫਾਇਰ ਬ੍ਰਿਗੇਡ, ਐਂਬੂਲੈਂਸ ਸੇਵਾਵਾਂ ਅਤੇ ਏਅਰ ਐਂਬੂਲੈਂਸਾਂ ਨੂੰ ਤੁਰੰਤ ਮੌਕੇ 'ਤੇ ਭੇਜਿਆ ਗਿਆ। ਰਿਪੋਰਟਾਂ ਮੁਤਾਬਕ ਇਹ ਹਾਦਸਾ ਸਥਾਨਕ ਸਮੇਂ ਅਨੁਸਾਰ ਸ਼ਾਮ ਕਰੀਬ 6:45 ਵਜੇ ਤੇ ਭਾਰਤੀ ਸਮੇਂ ਅਨੁਸਾਰ 19 ਜੂਨ ਨੂੰ ਰਾਤ 11.55 ਦੇ ਕਰੀਬ ਵਾਪਰਿਆ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਵੀਡੀਓਜ਼ ਵਿੱਚ ਇੱਕ Luton Airport Express ਟਰੇਨ ਨੂੰ ਨੁਕਸਾਨ ਪਹੁੰਚਿਆ ਹੋਇਆ ਦਿਖਾਈ ਦੇ ਰਿਹਾ ਹੈ, ਜਦਕਿ ਯਾਤਰੀਆਂ ਨੂੰ ਪਟੜੀਆਂ ਦੇ ਨੇੜੇ ਸੁਰੱਖਿਅਤ ਥਾਵਾਂ ਵੱਲ ਲਿਜਾਂਦੇ ਦਿਖਾਇਆ ਗਿਆ ਹੈ। ਕੁਝ ਬ੍ਰਿਟਿਸ਼ ਮੀਡੀਆ ਰਿਪੋਰਟਾਂ ਅਨੁਸਾਰ ਹਾਦਸੇ ਵਿੱਚ 50 ਤੋਂ ਵੱਧ ਲੋਕ ਜ਼ਖ਼ਮੀ ਹੋ ਸਕਦੇ ਹਨ। ਬੈੱਡਫੋਰਡ ਹਸਪਤਾਲ ਨੇ ਐਮਰਜੈਂਸੀ ਪ੍ਰੋਟੋਕੋਲ ਲਾਗੂ ਕਰਦੇ ਹੋਏ ਵਾਧੂ ਸਟਾਫ਼ ਨੂੰ ਡਿਊਟੀ 'ਤੇ ਬੁਲਾਇਆ ਹੈ। ਹਾਲਾਂਕਿ ਅਧਿਕਾਰੀਆਂ ਵੱਲੋਂ ਹਾਲੇ ਤੱਕ ਜ਼ਖ਼ਮੀਆਂ ਜਾਂ ਮੌਤਾਂ ਦੀ ਕੋਈ ਅਧਿਕਾਰਕ ਗਿਣਤੀ ਜਾਰੀ ਨਹੀਂ ਕੀਤੀ ਗਈ। ਸ਼ੁਰੂਆਤੀ ਜਾਣਕਾਰੀ ਅਨੁਸਾਰ ਦੋਵੇਂ ਰੇਲ ਗੱਡੀਆਂ East iMdlands Rialway ਦੀਆਂ



ਸਨ ਅਤੇ ਟੱਕਰ ਬੈੱਡਫੋਰਡ ਦੇ ਨੇੜੇ ਹੋਈ। ਕੁਝ ਚਸ਼ਮਦੀਦਾਂ ਨੇ ਦੱਸਿਆ ਕਿ ਇੱਕ ਟਰੇਨ ਨੇ ਅੱਗੇ ਖੜ੍ਹੀ ਜਾਂ ਹੌਲੀ ਚੱਲ ਰਹੀ ਟਰੇਨ ਦੇ ਪਿਛਲੇ ਹਿੱਸੇ ਨੂੰ ਟੱਕਰ ਮਾਰੀ, ਜਿਸ ਕਾਰਨ ਕਈ ਡੱਬਿਆਂ ਨੂੰ ਨੁਕਸਾਨ ਪਹੁੰਚਿਆ। ਹਾਲਾਂਕਿ ਇਸ ਬਾਰੇ ਅਜੇ ਅਧਿਕਾਰਕ ਪੁਸ਼ਟੀ ਨਹੀਂ ਹੋਈ ਹੈ। ਹਾਦਸੇ ਤੋਂ ਬਾਅਦ ਲੰਡਨ ਸੇਂਟ ਪੈਨਕ੍ਰਾਸ ਅਤੇ ਲੈਸਟਰ ਦਰਮਿਆਨ ਰੇਲ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਯਾਤਰੀਆਂ ਨੂੰ ਯਾਤਰਾ ਟਾਲਣ ਜਾਂ ਬਦਲਵੇਂ ਰੂਟਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਗਈ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਬ੍ਰਿਟਿਸ਼ ਟਰਾਂਸਪੋਰਟ ਪੁਲੀਸ ਨੇ ਕਿਹਾ ਹੈ ਕਿ ਸਥਿਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ।

## ਡੋਨਾਲਡ ਟਰੰਪ ਦੇ ਬਿਆਨ ਉਤੇ ਭੜਕੀ ਜਿਓਰਜੀਆ ਮੇਲੋਨੀ

**ਰੋਮ :** ਇਟਲੀ ਦੀ ਪ੍ਰਧਾਨ ਮੰਤਰੀ ਜਿਓਰਜੀਆ ਮੇਲੋਨੀ ਨੇ ਅਮਰੀਕੀ ਰਾਸ਼ਟਰਪਤੀ ਡੋਨ-ਾਲਡ ਟਰੰਪ ਦੇ ਉਸ ਦਾਅਵੇ ਨੂੰ ਸਿਰੇ ਤੋਂ ਨਕਾਰ ਦਿਤਾ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਜੀ-7 ਸੰਮੇਲਨ ਦੌਰਾਨ ਮੇਲੋਨੀ ਨੇ ਉਨ੍ਹਾਂ ਨਾਲ ਤਸਵੀਰ ਖਿਚਵਾਉਣ ਲਈ ਬੇਨਤੀ ਕੀਤੀ ਸੀ। ਇਸ ਬਿਆਨ ਨੇ ਦੋਹਾਂ ਦੇਸ਼ਾਂ ਵਿਚਾਲੇ ਕੂਟਨੀਤਕ ਵਿਵਾਦ ਖੜਾ ਕਰ ਦਿਤਾ ਹੈ। ਇਟਾਲੀਅਨ ਮੀਡੀਆ ਨੂੰ ਦਿਤੇ ਇਕ ਇੰਟਰਵਿਊ ਵਿਚ ਟਰੰਪ ਨੇ ਵਿਅੰਗ ਕਰਦਿਆਂ ਕਿਹਾ ਸੀ, ''ਉਹ (ਮੇਲੋਨੀ) ਮੇਰੇ ਨਾਲ ਤਸਵੀਰ ਖਿਚਵਾਉਣ ਲਈ ਇੰਨੀ ਬੇਤਾਬ ਸੀ ਕਿ ਉਸ ਨੇ ਮੈਨੂੰ ਬੇਨਤੀ ਕੀਤੀ। ਮੈਂ ਤਸਵੀਰ ਨਹੀਂ ਸੀ ਖਿਚਵਾਉਣਾ ਚਾਹੁੰਦਾ, ਪਰ ਮੈਨੂੰ ਉਸ ਉਤੇ ਤਰਸ ਆ ਗਿਆ।'' ਇਸ ਉਤੇ ਪ੍ਰਤੀਕਿਰਿਆ ਦਿੰਦਿਆਂ ਮੇਲੋਨੀ ਨੇ ਇੰਸਟਾਗ੍ਰਾਮ ਉਤੇ ਇਕ ਵੀਡੀਉ ਜਾਰੀ ਕਰ ਕੇ ਸਖ਼ਤ ਸ਼ਬਦਾਂ ਵਿਚ ਕਿਹਾ,



''ਡੋਨਾਲਡ ਟਰੰਪ ਦੇ ਬਿਆਨ ਪੂਰੀ ਤਰ੍ਹਾਂ ਮਨਘੜਤ ਹਨ। ਮੈਂ ਇਹ ਸਮਝਣ ਤੋਂ ਅਸਮਰੱਥ ਹਾਂ ਕਿ ਅਮਰੀਕੀ ਰਾਸ਼ਟਰਪਤੀ ਅਪਣੇ ਸਹਿਯੋਗੀਆਂ ਨਾਲ ਅਜਿਹਾ ਵਿਵਹਾਰ ਕਿਉਂ ਕਰਦੇ ਹਨ। ਇਹ ਬਹੁਤ ਹੀ ਮੰਦਭਾਗੀ ਗੱਲ ਹੈ।'' ਉਨ੍ਹਾਂ ਨੇ ਸਾਫ਼ ਕਿਹਾ, ''ਇਟਲੀ ਅਤੇ ਮੈਂ ਕਦੇ ਕਿਸੇ ਅੱਗੇ ਬੇਨਤੀ ਨਹੀਂ ਕਰਦੇ।'' ਇਸ ਘਟਨਾ ਤੋਂ ਬਾਅਦ ਇਟਲੀ ਵਿਚ ਭਾਰੀ ਰੋਸ ਹੈ। ਇਟਲੀ ਦੇ ਵਿਦੇਸ਼ ਮੰਤਰੀ ਐਂਟੋਨੀਓ ਤਜਾਨੀ ਨੇ ਟਰੰਪ ਦੇ ਬਿਆਨ ਨੂੰ 'ਗੰਭੀਰ ਅਤੇ ਅਪਮਾਨਜਨਕ' ਦੱਸਦਿਆਂ ਅਗਲੇ ਹਫ਼ਤੇ ਦਾ ਅਪਣਾ ਅਮਰੀਕਾ ਦੌਰਾ ਰੱਦ ਕਰ ਦਿਤਾ ਹੈ। ਪ੍ਰਧਾਨ ਮੰਤਰੀ ਦਫ਼ਤਰ ਦੇ ਅੰਡਰ ਸੈਕਟਰੀ ਜਿਓਵਾਨਬੈਟਿਸਟਾ ਫੈਜ਼ੋਲਾਰੀ ਨੇ ਕਿਹਾ ਕਿ ਟਰੰਪ ਅਪਣੇ ਅਣਉਚਿਤ ਵਿਵਹਾਰ ਨਾਲ ਅਮਰੀਕਾ ਅਤੇ ਯੂਰਪ ਦੇ ਇਤਿਹਾਸਕ ਸਬੰਧਾਂ ਨੂੰ ਨੁਕ-ਸਾਨ ਪਹੁੰਚਾ ਰਹੇ ਹਨ। ਦੋਹਾਂ ਨੇਤਾਵਾਂ ਵਿਚਾਲੇ ਪਹਿਲਾਂ ਹੀ ਈਰਾਨ-ਇਜ਼ਰਾਈਲ ਜੰਗ ਨੂੰ ਲੈ ਕੇ ਮਤਭੇਦ ਚੱਲ ਰਹੇ ਸਨ, ਜਿਨ੍ਹਾਂ ਨੂੰ ਹੁਣ ਇਸ ਵਿਵਾਦ ਨੇ ਹੋਰ ਡੂੰਘਾ ਕਰ ਦਿਤਾ ਹੈ।

## ਟੈਲੀਗ੍ਰਾਮ ਤੇ ਜਾਰੀ ਰਹੇਗੀ ਪਾਬੰਦੀ, ਦਿੱਲੀ ਹਾਈਕੋਰਟ ਵੱਲੋਂ ਪਟੀਸ਼ਨ ਰੱਦ

**ਨਵੀਂ ਦਿੱਲੀ।** ਦਿੱਲੀ ਹਾਈ ਕੋਰਟ ਨੇ ਅੱਜ 21 ਜੂਨ ਨੂੰ ਹੋਣ ਵਾਲੀ ਨੀਟ-ਯੂਜੀ ਮੁੜ-ਪ੍ਰੀਖਿਆ ਤੋਂ ਪਹਿਲਾਂ ਟੈਲੀਗ੍ਰਾਮ ਮੈਸੇਜਿੰਗ ਐਪ ਤੱਕ ਪਹੁੰਚ ਨੂੰ ਅਸਥਾਈ ਤੌਰ ਤੇ ਸੀਮਤ ਕਰਨ ਦੇ ਕੇਂਦਰ ਦੇ ਕਦਮ ਨੂੰ ਬਰਕਰਾਰ ਰੱਖਿਆ ਹੈ ਅਤੇ ਇਹ ਮੰਨਿਆ ਹੈ ਕਿ ਇਹ ਆਦੇਸ਼ ਗੈਰ-ਅਨੁਪਾਤਕ ਨਹੀਂ ਸੀ।ਫੈਸਲਾ ਸੁਣਾਉਂਦੇ ਹੋਏ, ਜਸਟਿਸ ਤੇਜਸ ਕਰੀਆ ਦੀ ਛੁੱਟੀਆਂ ਵਾਲੇ ਬੈਂਚ ਨੇ ਕਿਹਾ ਕਿ ਕੇਂਦਰ ਦਾ ਆਦੇਸ਼ ਘੱਟੋ-ਘੱਟ ਪਾਬੰਦੀਸ਼ੁਦਾ ਸੀ ਅਤੇ ਸਰਕਾਰ ਟੈਲੀਗ੍ਰਾਮ ਤੱਕ ਪਹੁੰਚ ਨੂੰ ਰੋਕਣ ਦਾ ਨਿਰਦੇਸ਼ ਦੇਣ ਲਈ ਅਧਿਕਾਰਤ ਸੀ।ਟੈਲੀਗ੍ਰਾਮ ਦੇ ਵਕੀਲ ਨੇ ਪਲੇਟਫਾਰਮ ਨੂੰ ਬਲਾਕ ਕਰਨ ਵਾਲੇ ਸਰਕਾਰੀ ਆਦੇਸ਼ ਦੀ ਕਾਨੂੰਨੀਤਾ ਤੇ ਸਵਾਲ ਚੁੱਕੇ ਸਨ। ਉਨ੍ਹਾਂ ਕਿਹਾ ਸੀ ਕਿ ਕੇਂਦਰ ਦੀ ਇਸ ਕਾਰਵਾਈ ਨਾਲ 150 ਮਿਲੀਅਨ ਤੋਂ ਵੱਧ ਉਪਭੋਗਤਾ ਪ੍ਰਭਾਵਿਤ ਹੋਏ ਹਨ। ਨੈਸ਼ਨਲ ਟੈਸਟਿੰਗ ਏਜੰਸੀ ਨੇ 12 ਮਈ ਨੂੰ ਪੇਪਰ ਲੀਕ ਹੋਣ ਦੇ ਦੋਸ਼ਾਂ ਦੇ ਵਿਚਕਾਰ ਮੈਡੀਕਲ ਦਾਖਲਿਆਂ ਲਈ 3 ਮਈ ਨੂੰ ਹੋਈ ਨੈਸ਼ਨਲ ਐਲੀਜੀਬਿਲਿਟੀ-ਕਮ-ਐਂਟਰੈਂਸ ਟੈਸਟ (ਅੰਡਰਗ੍ਰੈਜੁਏਟ), ਜਾਂ ਨੀਟ-ਯੂਜੀ ਨੂੰ ਰੱਦ ਕਰ ਦਿੱਤਾ ਸੀ। ਸੀਬੀਆਈ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਮੁੜ-ਪ੍ਰੀਖਿਆ 21 ਜੂਨ



ਨੂੰ ਹੋਣੀ ਤੈਅ ਹੈ।ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ, ਐਨ ਟੀ ਏ ਦੀਆਂ ਸਿਫ਼ਾਰਸ਼ਾਂ ਤੇ ਕਾਰਵਾਈ ਕਰਦੇ ਹੋਏ, ਸੂਚਨਾ ਤਕਨਾਲੋਜੀ ਐਕਟ, 2000 ਦੀ ਧਾਰਾ 69ਏ ਦੇ ਤਹਿਤ 16 ਜੂਨ ਨੂੰ ਇੱਕ ਨਿਰਦੇਸ਼ ਜਾਰੀ ਕੀਤਾ ਸੀ, ਜਿਸ ਵਿੱਚ ਨੀਟ-ਯੂਜੀ 2026 ਮੁੜ-ਪ੍ਰੀਖਿਆ ਦੇ ਦਿਨ ਅਤੇ ਇਸ ਦੇ ਤੁਰੰਤ ਬਾਅਦ ਤੱਕ ਭਾਰਤ ਵਿੱਚ ਟੈਲੀਗ੍ਰਾਮ ਪਲੇਟਫਾਰਮ ਤੱਕ ਪਹੁੰਚ ਨੂੰ 22 ਜੂਨ ਤੱਕ ਸੀਮਤ ਕਰ ਦਿੱਤਾ ਗਿਆ ਸੀ।ਇੱਕ ਵੱਖਰੇ ਨਿਰਦੇਸ਼ ਵਿੱਚ ਟੈਲੀਗ੍ਰਾਮ ਨੂੰ ਇਹ ਵੀ ਕਿਹਾ ਗਿਆ ਸੀ ਕਿ ਉਹ ਭਾਰਤ ਵਿੱਚ ਪਹਿਲਾਂ ਹੀ ਪੋਸਟ ਕੀਤੇ ਗਏ ਸੁਨੇਹਿਆਂ ਲਈ ਸੁਨੇਹਾ-ਸੰਪਾਦਨ ਵਿਸ਼ੇਸ਼ਤਾ ਨੂੰ 30 ਜੂਨ, 2026 ਤੱਕ ਅਯੋਗ ਕਰ ਦੇਵੇ, ਤਾਂ ਜੋ ਉਸ ਖਾਸ ਸੰਰਚਨਾਤਮਕ ਵਿਸ਼ੇਸ਼ਤਾ ਨੂੰ ਸੰਬੋਧਿਤ ਕੀਤਾ ਜਾ ਸਕੇ ਜਿਸ ਰਾਹੀਂ ਪਲੇਟਫਾਰਮ ਦੀ ਵਰਤੋਂ ਰਾਸ਼ਟਰੀ ਪ੍ਰੀਖਿਆਵਾਂ ਦੇ ਸਬੰਧ ਵਿੱਚ ਘਟਨਾ ਤੋਂ ਬਾਅਦ ਪੇਪਰ ਲੀਕ ਦੇ ਸਬੂਤ ਘੜਨ ਲਈ ਕੀਤੀ ਗਈ ਹੈ।

# ਅਮਰੀਕਾ ’ਚ ਪੰਜਾਬੀ ਨੇ ਆਪਣੇ ਮਾਪਿਆਂ ਤੇ ਨਾਨੀ ਦਾ ਗੋਲੀਆਂ ਮਾਰ ਕੇ ਕੀਤਾ ਕਤਲ

### 56 ਸਾਲਾਂ ਸਵੀਟਾ ਰਾਮ, 46 ਸਾਲਾਂ ਕਮਲੇਸ਼ ਰਾਣੀ ਅਤੇ 73 ਸਾਲਾਂ ਮਿੰਦਰ ਕੌਰ ਵਜੋਂ ਹੋਈ ਮ੍ਰਿਤਕਾਂ ਦੀ ਪਛਾਣ

**ਅਮਰੀਕਾ।** ਅਮਰੀਕਾ ਤੋਂ ਦਿਲ ਦਹਿਲਾ ਦੇਣ ਵਾਲੀ ਖਬਰ ਸਾਹਮਣੇ ਆਈ ਹੈ। ਇਥੇ ਟੈਕਸਸ ਸੂਬੇ ਦੇ ਸ਼ਹਿਰ ਐਲਟੋਨ ਵਿਚ ਇਕ ਪੰਜਾਬੀ ਨੌਜਵਾਨ ਨੇ ਆਪਣੇ ਮਾਂ-ਬਾਪ ਅਤੇ ਨਾਨੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਹੈ। ਮ੍ਰਿਤਕਾਂ ਦੀ ਪਛਾਣ 56 ਸਾਲਾ ਸਵੀਟਾ ਰਾਮ, 46 ਸਾਲਾ ਕਮਲੇਸ਼ ਰਾਣੀ ਅਤੇ 73 ਸਾਲਾ ਮਿੰਦਰ ਕੌਰ ਵਜੋਂ ਕੀਤੀ ਹੈ। ਸਵੀਟਾ ਰਾਮ ਸਥਾਨਕ ਨਾਮੀ ਕਾਰੋਬਾਰੀ ਸੀ ਤੇ ਪਰਿਵਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬੰਗਾ ਲਾਗਲੇ ਪਿੰਡ ਲੱਖਪੁਰ ਨਾਲ ਸੰਬੰਧਿਤ ਦੱਸਿਆ ਜਾ ਰਿਹਾ ਹੈ। ਕਥਿਤ ਦੋਸ਼ੀ ਦੀ ਪਛਾਣ ਸਵੀਟਾ ਰਾਮ ਦੇ ਬੇਟੇ ਗੌਰਵ ਚੋਪੜਾ (19) ਵਜੋਂ ਕੀਤੀ ਗਈ ਹੈ। ਹਿਡਾਲਗੋ ਕਾਊਂਟੀ ਸ਼ੈਰਿਫ਼ ਐਡੀ ਗੁਏਰਾ ਅਨੁਸਾਰ ਗੌਰਵ ਚੋਪੜਾ ਉੱਤੇ ਤਿੰਨ ਕਤਲਾਂ ਦੇ ਦੋਸ਼ ਤੋਂ ਇਲਾਵਾ ਇਕ ਹੋਰ ਕਤਲ ਦੀ ਕੋਸ਼ਿਸ਼ ਕਰਨ ਦਾ ਵੀ ਦੋਸ਼ ਲਗਾਇਆ ਗਿਆ ਹੈ। ਅਧਿਕਾਰੀਆਂ ਅਨੁਸਾਰ ਉਸ ਨੇ ਆਪਣੇ 21 ਸਾਲਾ ਭਰਾ ’ਤੇ ਇਕ



ਗੋਲੀ ਚਲਾਈ ਸੀ ਪਰ ਕਿਸੇ ਤਰ੍ਹਾਂ ਭਰਾ ਦਾ ਬਚਾਅ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਮਾਂ ਤੇ ਨਾਨੀ ਦੀ ਮੌਤ ਮੌਕੇ ’ਤੇ ਹੀ ਹੋ ਗਈ, ਜਦਕਿ ਬਾਪ ਦੀ ਹਸਪਤਾਲ ਲਿਜਾਂਦੇ ਸਮੇਂ ਮੌਤ ਹੋ ਗਈ। ਗੌਰਵ ਦੇ 21 ਸਾਲਾਂ ਵੱਡੇ ਭਰਾ ਨੇ ਜਾਂਚ ਅਧਿਕਾਰੀਆਂ ਨੂੰ ਦੱਸਿਆ ਕਿ ਜਦੋਂ ਉਹ ਪੌੜੀਆਂ ਚੜ੍ਹ ਰਿਹਾ ਸੀ ਤਾਂ ਉਸ ਨੇ ਜ਼ਮੀਨ ’ਤੇ ਪਈਆਂ ਲੱਤਾਂ ਦੇਖੀਆਂ। ਉਹ ਸਦਮੇ ਵਿਚ ਸੀ ਕਿ ਇਸ ਤੋਂ ਬਾਅਦ ਉਸ ਦਾ ਛੋਟਾ ਭਰਾ ਗੌਰਵ ਚੋਪੜਾ ਉਸ ਵੱਲ ਆਇਆ, ਉਸ ਨੇ ਬੰਦੂਕ ਕੱਢੀ ਅਤੇ ਉਸ ਦੇ ਸਿਰ ਵੱਲ ਤਾਣ ਕੇ ਇੱਕ ਗੋਲੀ ਚਲਾਈ, ਜੋ ਲੱਗਣ ਤੋਂ ਖੁੰਝ ਗਈ ਤੇ ਉਸ ਨੇ ਭੱਜ ਕੇ ਆਪਣੀ ਜਾਨ ਬਚਾਈ। ਇਸ ਤੋਂ ਬਾਅਦ ਉਸ ਨੇ ਪੁਲਿਸ ਨੂੰ ਵਾਰਦਾਤ ਸੰਬੰਧੀ ਸੂਚਿਤ ਕੀਤਾ।

ਕਥਿਤ ਦੋਸ਼ੀ ਨੇ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਉਸ ਦਾ ਪਿੱਛਾ ਕੀਤਾ ਤੇ ਥੋੜ੍ਹੀ ਦੂਰ ਜਾ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਗੱਡੀ ’ਚੋਂ ਘਟਨਾ ਲਈ ਵਰਤੀ ਬੰਦੂਕ ਵੀ ਬਰਾਮਦ ਕਰ ਲਈ ਗਈ ਹੈ। ਕਤਲ ਦੇ ਕਾਰਨਾਂ ਦੀ ਪੁਲਿਸ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

# ਅਜਨਾਲਾ ਦੇ ਪਿੰਡ ਹਰੜ ਖੁਰਦ ਨੇੜੇ BSF ਨੇ ਹਥਿਆਰਾਂ ਦਾ ਵੱਡਾ ਜਖ਼ੀਰਾ ਕੀਤਾ ਬਰਾਮਦ

**ਅਜਨਾਲਾ:** ਸਰਹੱਦੀ ਖੇਤਰ ਵਿੱਚ ਸੁਰੱਖਿਆ ਬਲਾਂ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ BSF ਦੀ 117 ਬਟਾਲੀਅਨ ਨੇ ਅਜਨਾਲਾ ਦੇ ਪਿੰਡ ਹਰੜ ਖੁਰਦ ਨੇੜੇ ਇੱਕ ਭਾਰਤੀ ਨਾਗਰਿਕ ਨੂੰ ਕਾਬੂ ਕਰਕੇ ਉਸ ਦੀ ਨਿਸ਼ਾਨਦੇਹੀ 'ਤੇ ਭਾਰੀ ਮਾਤਰਾ ਵਿੱਚ ਹਥਿਆਰਾਂ ਦਾ ਜਖੀਰਾ ਬਰਾਮਦ ਕੀਤਾ । ਬੀਤੀ ਰਾਤ BSF ਨੂੰ ਇੱਕ ਖ਼ਾਸ ਖੁਫੀਆ ਸੂਚਨਾ ਪ੍ਰਾਪਤ ਹੋਈ ਸੀ। ਇਸ ਸੂਚਨਾ ਦੇ ਆਧਾਰ 'ਤੇ 117 ਬਟਾਲੀਅਨ ਦੇ ਜਵਾਨਾਂ ਨੇ ਪਿੰਡ ਹਰੜ ਖੁਰਦ, ਥਾਣਾ ਅਜਨਾਲਾ, ਅੰਮ੍ਰਿਤਸਰ ਦਿਹਾਤੀ ਖੇਤਰ ਵਿੱਚ ਕਾਰਵਾਈ ਕਰਦਿਆਂ ਇੱਕ ਸ਼ੱਕੀ ਭਾਰਤੀ ਨਾਗਰਿਕ ਨੂੰ ਗ੍ਰਿਫ਼ਤਾਰ ਕਰ ਲਿਆ। ਪੁੱਛਗਿੱਛ ਦੌਰਾਨ ਉਸ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ



ਹਥਿਆਰਾਂ ਦਾ ਵੱਡਾ ਜ਼ਖੀਰਾ ਬਰਾਮਦ ਕੀਤਾ ਗਿਆ। ਬਰਾਮਦਗੀ ਵਿੱਚ ਇੱਕ AK-47 ਰਾਈਫਲ, 25 ਪਿਸਤੌਲ, 47 ਪਿਸਤੌਲ ਮੈਗਜ਼ੀਨ ਅਤੇ ਇੱਕ ਬੁਲੇਟਪਰੂਫ ਜੈਕਟ ਸ਼ਾਮਲ ਹੈ। ਇਸ ਤੋਂ ਇਲਾਵਾ 368 ਜਿੰਦਾ ਕਾਰਤੂਸ ਵੀ ਬਰਾਮਦ ਕੀਤੇ ਗਏ ਭਸ਼ਢ ਅਧਿਕਾਰੀਆਂ ਅਨੁਸਾਰ ਗ੍ਰਿਫ਼ਤਾਰ ਵਿਅਕਤੀ ਇਸ ਵੇਲੇ 117 ਬਟਾਲੀਅਨ ਦੀ ਹਿਰਾਸਤ ਵਿੱਚ ਹੈ ਅਤੇ ਉਸ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਕੈਡੇਟ ਆਦਿਤਿਆ ਦਾ ਅੰਤਿਮ ਸਸਕਾਰ, ਓਮਾਨ ਤੱਟ 'ਤੇ ਭਾਰਤੀ ਤੇਲ ਟੈਂਕਰ 'ਤੇ ਹੋਏ ਮਿਜ਼ਾਈਲ ਹਮਲੇ ਵਿੱਚ ਗਈ ਸੀ ਜਾਨ

**ਹਮੀਰਪੁਰ:** ਓਮਾਨ ਤੱਟ 'ਤੇ ਭਾਰਤੀ ਤੇਲ ਟੈਂਕਰ 'ਤੇ ਹੋਏ ਮਿਜ਼ਾਈਲ ਹਮਲੇ ਵਿੱਚ ਜਾਨ ਗੁਆਉਣ ਵਾਲੇ 23 ਸਾਲਾ ਮਰਚੈਂਟ ਨੇਵੀ ਕੈਡੇਟ ਆਦਿਤਿਆ ਸ਼ਰਮਾ ਦਾ ਵੀਰਵਾਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਵਿੱਚ ਪੂਰੇ ਸਰਕਾਰੀ ਸਨਮਾਨਾਂ ਅਤੇ ਗਮਗੀਨ ਮਾਹੌਲ ਵਿੱਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਅੰਤਿਮ ਯਾਤਰਾ ਵਿੱਚ ਸੈਂਕੜੇ ਲੋਕ ਸ਼ਾਮਲ ਹੋਏ ਅਤੇ ਹਰ ਅੱਖ ਨਮ ਦਿਖਾਈ ਦਿੱਤੀ। ਪਰਿਵਾਰ, ਰਿਸ਼ਤੇਦਾਰਾਂ, ਪਿੰਡ ਵਾਸੀਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਆਦਿਤਿਆ ਨੂੰ ਅੰਤਿਮ ਵਿਦਾਈ ਦਿੱਤੀ।

ਅੰਤਿਮ ਸੰਸਕਾਰ ਦੌਰਾਨ ਸਭ ਤੋਂ ਭਾਵੁਕ ਪਲ ਉਦੋਂ ਆਇਆ ਜਦੋਂ ਪਿਤਾ ਰਾਜੇਸ਼ ਸ਼ਰਮਾ ਨੇ ਆਪਣੇ ਪੁੱਤਰ ਨੂੰ ਮੁੱਖ ਅਗਨੀ ਦੇਣ ਤੋਂ ਪਹਿਲਾਂ ਉਸ ਦੇ ਸਿਰ 'ਤੇ ਸਿਹਰਾ ਬੰਨ੍ਹਿਆ। ਜਿਸ ਪੁੱਤਰ ਨੂੰ ਲਾੜੇ ਦੇ ਰੂਪ ਵਿੱਚ ਦੇਖਣ ਦਾ ਸੁਪਨਾ ਉਨ੍ਹਾਂ ਨੇ ਸੰਜੋਇਆ ਸੀ, ਉਸੇ ਪੁੱਤਰ ਨੂੰ ਅੰਤਿਮ ਵਿਦਾਈ ਵੇਲੇ ਸਿਹਰਾ ਪਹਿ-ਨਾਉਣਾ ਪਿਆ। ਇਹ ਦ੍ਰਿਸ਼ ਦੇਖ ਕੇ ਉੱਥੇ ਮੌਜੂਦ ਲੋਕਾਂ ਦੀਆਂ ਅੱਖਾਂ ਭਰ ਆਈਆਂ ਅਤੇ ਮਾਹੌਲ ਪੂਰੀ ਤਰ੍ਹਾਂ ਗਮਗੀਨ ਹੋ ਗਿਆ। ਆਦਿਤਿਆ ਦੀ ਮ੍ਰਿਤਕ ਦੇਹ ਵੀਰਵਾਰ ਸਵੇਰੇ ਹਮੀਰਪੁਰ ਪਹੁੰਚੀ ਸੀ। ਇਸ ਤੋਂ ਬਾਅਦ ਮੈਡੀਕਲ ਕਾਲਜ ਵਿੱਚ ਪੋਸਟਮਾਰਟਮ ਦੀ ਪ੍ਰਕਿਰਿਆ ਪੂਰੀ



ਕੀਤੀ ਗਈ। ਪੋਸਟਮਾਰਟਮ ਤੋਂ ਬਾਅਦ ਜਿਵੇਂ ਹੀ ਮ੍ਰਿਤਕ ਦੇਹ ਉਨ੍ਹਾਂ ਦੇ ਘਰ ਪਹੁੰਚੀ ਤਾਂ ਪਰਿਵਾਰ ਅਤੇ ਪਿੰਡ ਵਾਸੀਆਂ ਦਾ ਦੁੱਖ ਫੁੱਟ ਪਿਆ। ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਅਤੇ ਵੱਡੀ ਗਿਣਤੀ ਵਿੱਚ ਲੋਕ ਅੰਤਿਮ ਦਰਸ਼ਨਾਂ ਲਈ ਉਨ੍ਹਾਂ ਦੇ ਘਰ ਪਹੁੰਚੇ।ਆਪਣੇ ਪੁੱਤਰ ਨੂੰ ਅੰਤਿਮ ਵਿਦਾਈ ਦੇਣ ਤੋਂ ਬਾਅਦ ਪਿਤਾ ਰਾਜੇਸ਼ ਸ਼ਰਮਾ ਨੇ ਭਾਵੁਕ ਸ਼ਬਦਾਂ ਵਿੱਚ ਕਿਹਾ ਕਿ ਉਨ੍ਹਾਂ ਦਾ ਪੁੱਤਰ ਹੁਣ ਕਦੇ ਵਾਪਸ ਨਹੀਂ ਆਵੇਗਾ, ਪਰ ਉਹ ਚਾਹੁੰਦੇ ਹਨ ਕਿ ਜਿਸ ਤਰ੍ਹਾਂ ਦੀ ਘਟਨਾ ਉਨ੍ਹਾਂ ਦੇ ਪੁੱਤਰ ਨਾਲ ਹੋਈ ਹੈ, ਅਜਿਹੀ ਤ੍ਰਾਸਦੀ ਭਵਿੱਖ ਵਿੱਚ ਕਿਸੇ ਹੋਰ ਪਰਿਵਾਰ ਨੂੰ ਨਾ ਝੱਲਣੀ ਪਵੇ। ਉਨ੍ਹਾਂ ਕਿਹਾ ਕਿ ਆਦਿਤਿਆ ਆਪਣੀ ਅੰਤਿਮ ਯਾਤਰਾ 'ਤੇ ਨਿਕਲ ਚੁੱਕਾ ਹੈ, ਪਰ ਉਸ ਦੀਆਂ ਯਾਦਾਂ ਹਮੇਸ਼ਾ ਪਰਿਵਾਰ ਅਤੇ ਇਲਾਕੇ ਦੇ ਲੋਕਾਂ ਦੇ ਦਿਲਾਂ 'ਚ ਜ਼ਿੰਦਾ ਰਹਿਣਗੀਆਂ।

ਇਸ ਦੌਰਾਨ ਓਮਾਨ ਤੱਟ 'ਤੇ ਭਾਰਤੀ ਤੇਲ ਟੈਂਕਰ 'ਤੇ ਹੋਏ ਹਮਲੇ ਦਾ ਮੁੱਦਾ ਰਾਸ਼ਟਰੀ ਪੱਧਰ 'ਤੇ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪਰਿਵਾਰ ਵੱਲੋਂ ਲਗਾਤਾਰ ਘਟਨਾ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਹਾਲ ਹੀ ਵਿੱਚ ਅਮਰੀਕੀ ਰਾਸ਼ਟਰਪਤੀ ਡੋਨ-ਾਲਡ ਟਰੰਪ ਨਾਲ ਹੋਈ ਮੁਲਾਕਾਤ ਵਿੱਚ ਇਸ ਮਾਮਲੇ ਨੂੰ ਉਠਾਇਆ ਹੈ ਅਤੇ ਘਟਨਾ ਨਾਲ ਜੁੜੇ ਪਹਿਲੂਆਂ 'ਤੇ ਚਰਚਾ ਕੀਤੀ ਹੈ।ਅੰਤਿਮ ਸੰਸਕਾਰ ਵਿੱਚ ਮੌਜੂਦ ਹਮੀਰਪੁਰ ਦੇ ਡਿਪਟੀ ਕਮਿਸ਼ਨਰ (ਉਪਾਯੁਕਤ) ਗੰਧਰਵ ਰਾਠੌਰ ਨੇ ਪਰਿਵਾਰ ਨੂੰ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਪਰਿਵਾਰ ਇਸ ਮਾਮਲੇ ਵਿੱਚ ਕਿਸੇ ਕਿਸਮ ਦੀ ਜਾਂਚ, ਜਾਣਕਾਰੀ ਜਾਂ ਹੋਰ ਰਸਮੀ ਕਾਰਵਾਈ ਚਾਹੁੰਦਾ ਹੈ ਤਾਂ ਉਨ੍ਹਾਂ ਦੀ ਮੰਗ ਅਤੇ ਪੱਖ ਨੂੰ ਵਿਦੇਸ਼ ਮੰਤਰਾਲੇ ਤੱਕ ਪਹੁੰਚਾਇਆ ਜਾਵੇਗਾ, ਤਾਂ ਜੋ ਉਨ੍ਹਾਂ ਨੂੰ ਉਚਿਤ ਸਹਾਇਤਾ ਮਿਲ ਸਕੇ।

ਆਦਿਤਿਆ ਸ਼ਰਮਾ ਦੀ ਬੇਵਕਤੀ ਮੌਤ ਨੇ ਪੂਰੇ ਹਮੀਰਪੁਰ ਜ਼ਿਲ੍ਹੇ ਨੂੰ ਝਕਝੋਰ ਕੇ ਰੱਖ ਦਿੱਤਾ ਹੈ। ਇੱਕ ਹੋਨਹਾਰ ਨੌਜਵਾਨ, ਜਿਸਨੇ ਆਪਣੇ ਸੁਪਨਿਆਂ ਅਤੇ ਪਰਿਵਾਰ ਦੀਆਂ ਉਮੀਦਾਂ ਨਾਲ ਸਮੁੰਦਰੀ ਕਰੀਅਰ ਦੀ ਸ਼ੁਰੂਆਤ ਕੀਤੀ ਸੀ, ਅੱਜ ਪੰਚਤੱਤ ਵਿੱਚ ਵਿਲੀਨ ਹੋ ਗਿਆ। ਅੰਤਿਮ ਵਿਦਾਈ ਵੇਲੇ ਲੋਕਾਂ ਦੀ ਜ਼ੁਬਾਨ 'ਤੇ ਬੱਸ ਇੱਕ ਹੀ ਗੱਲ ਸੀ—ਆਦਿਤਿਆ ਚਲਾ ਗਿਆ, ਪਰ ਉਸਦੀਆਂ ਯਾਦਾਂ ਹਮੇਸ਼ਾ ਜੀਵਤ ਰਹਿਣਗੀਆਂ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਪੱਛਮੀ ਬੰਗਾਲ: TMC ਨੂੰ ਇੱਕ ਹੋਰ ਵੱਡਾ ਝਟਕਾ, ਮਮਤਾ ਬਨਰਜੀ ਦੇ ਕਰੀਬੀ ਜਯੋਤੀ ਪ੍ਰਿਯਾ ਮਲਿਕ ਨੇ ਵੀ ਛੱਡੀ ਪਾਰਟੀ

### ਖ਼ਰਾਬ ਸਿਹਤ ਦਾ ਹਵਾਲਾ ਦਿੰਦੇ ਹੋਏ ਸਾਰੇ ਅਹੁਦਿਆਂ ਤੋਂ ਦਿੱਤਾ ਅਸਤੀਫ਼ਾ



**ਕੋਲਕਾਤਾ:** ਪੱਛਮੀ ਬੰਗਾਲ ਦੇ ਸਾਬਕਾ ਮੰਤਰੀ ਜਯੋਤੀ ਪ੍ਰਿਯਾ ਮਲਿਕ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਉਨ੍ਹਾਂ ਨੇ ਖ਼ਰਾਬ ਸਿਹਤ ਦਾ ਹਵਾਲਾ ਦਿੰਦੇ ਹੋਏ TMC ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਆਪਣੇ ਅਸਤੀਫ਼ੇ ਨੂੰ ਜਨਤਕ ਕਰਦਿਆਂ ਸਾਬਕਾ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਪਾਰਟੀ ਲੀਡਰਸ਼ਿਪ ਨੂੰ ਆਪਣੇ ਫੈਸਲੇ ਬਾਰੇ ਪਹਿਲਾਂ ਹੀ ਦੱਸ ਦਿੱਤਾ ਸੀ। ਉਨ੍ਹਾਂ ਨੇ ਅੱਗੇ ਕਿਹਾ ਕਿ ਮੈਂ ਆਪਣੀ ਬਹੁਤ ਖ਼ਰਾਬ ਸਿਹਤ ਕਾਰਨ ਠੰਢ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ।

**2011 ਤੋਂ 2021 ਤੱਕ ਰਾਜ ਦੇ ਖ਼ੁਰਾਕ ਅਤੇ ਸਪਲਾਈ ਮੰਤਰੀ ਰਹੇ ਮਲਿਕ**

ਇਹ ਘਟਨਾਕ੍ਰਮ TMC ਵੱਲੋਂ ਸੰਗਠਨ ਵਿੱਚ ਵੱਡੇ ਫੇਰਬਦਲ ਅਤੇ ਮਲਿਕ ਨੂੰ ਨਵੀਂ ਵਰਕਿੰਗ ਕਮੇਟੀ ਵਿੱਚ ਸ਼ਾਮਲ ਕਰਨ ਦੇ ਕੁਝ ਹੀ ਦਿਨਾਂ ਬਾਅਦ ਹੋਇਆ ਹੈ। ਦੱਸ ਦੇਈਏ ਕਿ ਮਲਿਕ ਨੂੰ ਮਮਤਾ ਬਨਰਜੀ ਦਾ ਬੇਹੱਦ ਖ਼ਾਸ ਮੰਨਿਆ ਜਾਂਦਾ ਰਿਹਾ ਹੈ। ਉਨ੍ਹਾਂ ਨੇ ਮਮਤਾ ਸਰਕਾਰ ਵਿੱਚ ਇੱਕ ਦਹਾਕੇ ਤੱਕ ਅਹਿਮ ਮੰਤਰਾਲਾ ਸੰਭਾਲਿਆ। ਮਲਿਕ 2011 ਤੋਂ 2021 ਤੱਕ ਰਾਜ ਦੇ ਖ਼ੁਰਾਕ ਅਤੇ ਸਪਲਾਈ (ਖਾਧ ਅਤੇ ਆਪੂਰਤੀ) ਮੰਤਰੀ ਰਹੇ ਸਨ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਤੇਲਗੂ ਸੁਪਰਸਟਾਰ ਅੱਲੂ ਅਰਜੁਨ ਨੂੰ 'ਪੁਸ਼ਪਾ 2' ਦੇ ਪ੍ਰੀਮੀਅਰ ਦੌਰਾਨ ਹੋਈ ਭਾਜੜ ਦੇ ਮਾਮਲੇ ਵਿੱਚ ਲੱਗਾ ਵੱਡਾ ਝਟਕਾ

## ਹੈਦਰਾਬਾਦ ਦੀ ਨਾਮਪੱਲੀ ਕੋਰਟ ਨੇ ਸੰਮਨ ਜਾਰੀ ਕਰਦਿਆਂ 22 ਜੂਨ ਨੂੰ ਅਦਾਲਤ ਵਿੱਚ ਖ਼ੁਦ ਪੇਸ਼ ਹੋਣ ਦਾ ਦਿੱਤਾ ਆਦੇਸ਼



**ਹੈਦਰਾਬਾਦ:** 4 ਦਸੰਬਰ 2024 ਨੂੰ 'ਪੁਸ਼ਪਾ 2' ਦੀ ਸਪੈਸ਼ਲ ਸਕ੍ਰੀਨਿੰਗ ਦੌਰਾਨ ਭਾਰੀ ਭੀੜ ਇਕੱਠੀ ਹੋਣ ਕਾਰਨ ਭਗਦੜ ਮਚ ਗਈ ਸੀ। ਹੁਣ ਇਸ ਮਾਮਲੇ ਵਿੱਚ ਅਦਾਲਤ ਨੇ ਵੱਡਾ ਫ਼ੈਸਲਾ ਸੁਣਾਇਆ ਹੈ। ਹੈਦਰਾਬਾਦ ਦੀ ਨਾਮਪੱਲੀ ਕੋਰਟ ਨੇ ਉਨ੍ਹਾਂ ਨੂੰ ਸੰਮਨ ਜਾਰੀ ਕਰਦਿਆਂ 22 ਜੂਨ ਨੂੰ ਅਦਾਲਤ ਵਿੱਚ ਖ਼ੁਦ ਪੇਸ਼ ਹੋਣ ਦਾ ਆਦੇਸ਼ ਦਿੱਤਾ ਹੈ।

**ਕੀ ਹੈ ਪੂਰਾ ਮਾਮਲਾ?**

ਇਹ ਮਾਮਲਾ 4 ਦਸੰਬਰ 2024 ਦਾ ਹੈ, ਜਦੋਂ ਸੰਧਿਆ ਥੀਏਟਰ ਦੇ ਬਾਹਰ 'ਪੁਸ਼ਪਾ 2' ਦੀ ਸਪੈਸ਼ਲ ਸਕ੍ਰੀਨਿੰਗ ਦੌਰਾਨ ਭਾਰੀ ਭੀੜ ਜਮ੍ਹਾ ਹੋ ਗਈ ਸੀ। ਆਪਣੇ ਪਸੰਦੀਦਾ ਸਟਾਰ ਦੀ ਇੱਕ ਝਲਕ ਪਾਉਣ ਲਈ ਹਜ਼ਾਰਾਂ ਪ੍ਰਸ਼ੰਸਕ (ਫੈਨਜ਼) ਥੀਏਟਰ ਦੇ ਬਾਹਰ ਇਕੱਠੇ ਹੋ ਗਏ ਸਨ।

ਰਿਪੋਰਟਾਂ ਮੁਤਾਬਕ, ਜਦੋਂ ਅੱਲੂ ਅਰਜੁਨ ਆਪਣੀ ਕਾਰ ਦੀ ਸਨਰੂਫ਼ ਵਿੱਚੋਂ ਬਾਹਰ ਆ ਕੇ ਫੈਨਜ਼ ਵੱਲ ਹੱਥ ਹਿਲਾ ਰਹੇ ਸਨ, ਉਦੋਂ ਹੀ ਅਚਾਨਕ ਭਗਦੜ ਮਚ ਗਈ। ਇਸ ਹਾਦਸੇ ਵਿੱਚ ਰੇਵਤੀ ਨਾਮ ਦੀ ਇੱਕ ਮਹਿਲਾ ਦੀ ਦਰਦਨਾਕ ਮੌਤ ਹੋ ਗਈ, ਜਦਕਿ ਉਨ੍ਹਾਂ ਦਾ ਬੇਟਾ ਸ਼੍ਰੀ ਤੇਜਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਪੁਲਿਸ ਦਾ ਮਾਮਲੇ 'ਤੇ ਐਕਸ਼ਨ ਪੁਲਿਸ ਨੇ ਇਸ ਮਾਮਲੇ ਵਿੱਚ ਅੱਲੂ ਅਰਜੁਨ ਨੂੰ ਮੁਲਜ਼ਮ ਨੰਬਰ 11 (ਅ11) ਬਣਾਇਆ ਹੈ। ਉੱਥੇ ਹੀ, ਥੀਏਟਰ ਮੈਨੇਜਮੈਂਟ ਨੂੰ ਮੁਲਜ਼ਮ ਨੰਬਰ 1 ਤੋਂ 10 ਤੱਕ ਰੱਖਿਆ ਗਿਆ ਹੈ। ਕੁੱਲ 19 ਲੋਕਾਂ ਨੂੰ ਸੰਮਨ ਜਾਰੀ ਕੀਤੇ ਗਏ ਹਨ ਅਤੇ 23 ਲੋਕਾਂ ਖ਼ਿਲਾਫ਼ ਚਾਰਜਸ਼ੀਟ ਵੀ ਦਾਇਰ ਕੀਤੀ ਜਾ ਚੁੱਕੀ ਹੈ।

**22 ਜੂਨ ਨੂੰ ਹੋਵੇਗੀ ਸੁਣਵਾਈ**

ਇਸ ਦੁਖਦ ਘਟਨਾ ਤੋਂ ਬਾਅਦ ਅੱਲੂ ਅਰਜੁਨ ਅਤੇ ਉਨ੍ਹਾਂ ਦੇ ਪਰਿਵਾਰ ਨੇ ਪੀੜਤ ਪਰਿਵਾਰ ਦੀ ਮਦਦ ਲਈ ਅੱਗੇ ਕਦਮ ਵਧਾਇਆ। ਉਨ੍ਹਾਂ ਦੇ ਪਿਤਾ ਅਤੇ ਫ਼ਿਲਮ ਪ੍ਰੋਡਿਊਸਰ ਅੱਲੂ ਅਰਵਿੰਦ ਨੇ ਰੇਵਤੀ ਦੇ ਪਰਿਵਾਰ ਨੂੰ 2 ਕਰੋੜ ਰੁਪਏ ਦੀ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ ਸੀ। ਹੁਣ ਸਭ ਦੀਆਂ ਨਜ਼ਰਾਂ 22 ਜੂਨ ਦੀ ਸੁਣਵਾਈ 'ਤੇ ਟਿਕੀਆਂ ਹੋਈਆਂ ਹਨ, ਜਿੱਥੇ ਇਸ ਮਾਮਲੇ ਵਿੱਚ ਅੱਗੇ ਕੀ ਹੁੰਦਾ ਹੈ, ਇਹ ਸਾਫ਼ ਹੋ ਸਕੇਗਾ।

# 24, 25, 26 ਜੂਨ ਨੂੰ ਹੜਤਾਲ ਕਰਕੇ ਮੁੱਖ ਮੰਤਰੀ ਪੰਜਾਬ ਦੀ ਰਹਾਇਸ਼ 'ਤੇ ਦਿੱਤਾ ਜਾਵੇਗਾ ਧਰਨਾ: ਰੇਸ਼ਮ ਸਿੰਘ ਗਿੱਲ

**ਮੋਹਾਲੀ:** ਮਿਤੀ 19/6/2026 ਨੂੰ ਪੰਜਾਬ ਰੋਡਵੇਜ਼ ਪਨਬਸ/ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਵਲੋ ਈਸੜੂ ਭਵਨ ਲੁਧਿਆਣਾ ਵਿਖੇ ਸਟੇਟ ਕਮੇਟੀ ਵਲੋ ਮੀਟਿੰਗ ਕੀਤੀ ਗਈ ਜਿਸ ਵਿਚ ਪੰਜਾਬ ਦੇ 27 ਡਿਪੂ ਮੀਟਿੰਗ ਵਿੱਚ ਸ਼ਾਮਲ ਹੋਏ ਮੀਟਿੰਗ ਵਿੱਚ ਸੂਬਾ ਪ੍ਰਧਾਨ ਰੇਸਮ ਸਿੰਘ ਗਿੱਲ ਅਤੇ ਸੂਬਾ ਸੰਸਥਾਪਕ ਕਮਲ ਕੁਮਾਰ ਨੇ ਬੋਲਦਿਆ ਕਿਹਾ ਕਿ ਸਰਕਾਰ ਬਣੀ ਨੂੰ 4 ਸਾਲ ਤੋਂ ਵੱਧ ਸਮਾਂ ਬੀਤ ਗਿਆ ਹੈ ਇੱਕ ਵੀ ਮੁਲਾਜ਼ਮ ਵਿਭਾਗਾਂ ਵਿੱਚ ਪੱਕਾ ਨਹੀ ਕੀਤਾ ਗਿਆ ਅਤੇ ਨਾ ਹੀ ਇੱਕ ਵੀ ਵਿਭਾਗ ਦੀ ਮਾਲਕੀ ਵਾਲੀ ਸਰਕਾਰੀ ਬੱਸ ਨਹੀਂ ਪਈ ਗਈ ਉਲਟਾ ਕਿਲੋਮੀਟਰ ਸਕੀਮ (ਪ੍ਰਾਈਵੇਟ ਬੱਸਾ) ਦੇ ਰਾਹੀਂ ਵਿਭਾਗਾ ਦਾ ਨਿੱਜੀਕਰਣ ਵੱਲ ਨੂੰ ਵੱਧ ਰਹੀ ਹੈ  ਪਹਿਲੀ ਵਾਰ ਹੋਇਆ ਹੈ ਕਿ ਪ੍ਰਾਈਵੇਟ ਕਿਲੋਮੀਟਰ ਸਕੀਮ ਦੇ ਉਦਘਾਟਨ ਮੌਕੇ ਮੁੱਖ ਮੰਤਰੀ ਪੰਜਾਬ ਵਲੋਂ ਨਾਰੀਅਲ ਭੰਨ ਕੇ ਪ੍ਰਾਈਵੇਟ ਬੱਸਾਂ ਪਾਕੇ ਵਿਭਾਗ ਨੂੰ ਪ੍ਰਾਈਵੇਟੇਸ਼ਨ ਕਰਕੇ ਆਪਣੇ ਚਹੇਤਿਆਂ ਨੂੰ ਲਾਭ ਦੇਣ ਲਈ ਕਿਲੋਮੀਟਰ ਸਕੀਮ ਬੱਸਾਂ ਪਾਈਆਂ ਜਾ ਰਹੀਆਂ ਹਨ ਅਤੇ ਇਹਨਾਂ ਬੱਸਾਂ ਨੂੰ ਪਾਉਣ ਲਈ ਮੁਲਾਜ਼ਮਾਂ ਨੂੰ ਪਿਛਲੇ 6 ਮਹੀਨਿਆਂ ਤੋ ਵੱਧ ਸਮੇ ਤੋ ਨਜਾਇਜ਼ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਹੈ ਸਰਕਾਰ ਲਗਾਤਾਰ ਮੀਟਿੰਗਾਂ ਵਿੱਚ ਲਾਰੇ ਲੱਪੇ ਲਗਾ ਰਹੀ ਹੈ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੇ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਬਜਾਏ ਉਲਟਾ ਮੁਲਾਜ਼ਮਾਂ ਨੂੰ ਦਬਾਉਣ ਤੇ ਲੱਗੀ ਹੈ ਮੁਲਾਜ਼ਮਾਂ ਨੂੰ ਲਾਠੀਚਾਰਜ ਕਰਕੇ,ਪਰਚੇ ਦਰਜ਼ ਕਰਕੇ ਜ਼ੁਬਾਨਬੰਦੀ ਕਰਨ ਦੀ ਕੋਸ਼ਿਸ਼ ਕੀਤੀ ਜਾਂ ਰਹੀ ਹੈ।

# ਫ਼ਰੀਦਾਬਾਦ: ਵਰਤ ਖੋਲ੍ਹਣ ਲਈ ਫਰੂਟੀ ਪੀਂਦੇ ਹੀ ਨੌਜਵਾਨ ਦੀ ਵਿਗੜੀ ਤਬੀਅਤ, ਹਸਪਤਾਲ 'ਚ ਇਲਾਜ ਦੌਰਾਨ ਮੌਤ

## ਅੰਕੁਸ਼ (33) ਦੇ ਪੇਟ ਵਿੱਚ ਉੱਠਿਆ ਤੇਜ਼ ਦਰਦ, ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਕਰਵਾਇਆ ਪੋਸਟਮਾਰਟਮ

**ਫਰੀਦਾਬਾਦ:** ਵਰਤ ਖੋਲ੍ਹਣ ਲਈ ਇੱਕ ਨੌਜਵਾਨ ਨੇ ਫਰੂਟੀ ਪੀਤੀ, ਜਿਸ ਕਾਰਨ ਉਸ ਦੀ ਤਬੀਅਤ ਵਿਗੜ ਗਈ। ਉਸ ਨੂੰ ਤੁਰੰਤ ਇਲਾਜ ਲਈ ਇੱਕ ਨਿੱਜੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਹ ਘਟਨਾ ਫਰੀਦਾਬਾਦ ਦੀ ਭਾਰਤ ਕਲੋਨੀ ਸਥਿਤ ਹਨੂਮਾਨ ਨਗਰ ਦੀ ਹੈ। ਫਿਲਹਾਲ ਇਸ ਮਾਮਲੇ 'ਚ ਪੁਲਿਸ ਦਾ ਕਹਿਣਾ ਹੈ ਕਿ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਅਸਲ ਕਾਰਨਾਂ ਦਾ ਖ਼ੁਲਾਸਾ ਹੋ ਸਕੇਗਾ, ਜਿਸ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ। ਤਸਵੀਰਾਂ ਵਿੱਚ ਦਿਖਾਈ ਦੇ ਰਿਹਾ ਇਹ 33 ਸਾਲਾ ਮ੍ਰਿਤਕ ਅੰਕੁਸ਼ ਹੈ। ਉਸ ਦੇ ਪਰਿਵਾਰ ਵਾਲਿਆਂ ਨੇ ਦੱਸਿਆ ਕਿ ਅੰਕੁਸ਼ ਦਾ ਵਰਤ ਸੀ, ਜਿਸ ਨੇ ਬੀਤੀ ਰਾਤ ਵਰਤ ਖੋਲ੍ਹਣ ਲਈ ਫਰੂਟੀ ਪੀਤੀ ਸੀ। ਪਰ ਫਰੂਟੀ ਪੀਂਦੇ ਹੀ ਅੰਕੁਸ਼ ਨੂੰ ਉਲਟੀਆਂ ਸ਼ੁਰੂ ਹੋ ਗਈਆਂ, ਪੇਟ ਵਿੱਚ ਦਰਦ ਹੋ ਗਿਆ ਅਤੇ ਪੇਟ ਖ਼ਰਾਬ ਹੋ ਗਿਆ। ਇਸ ਤੋਂ ਬਾਅਦ ਉਹ ਉਸ ਨੂੰ



ਤੁਰੰਤ ਨੇੜੇ ਦੇ ਹੀ ਇੱਕ ਨਿੱਜੀ ਹਸਪਤਾਲ ਵਿੱਚ ਲੈ ਗਏ, ਪਰ ਉੱਥੋਂ ਦੇ ਡਾਕਟਰਾਂ ਨੇ ਅੰਕੁਸ਼ ਨੂੰ ਇਲਾਜ ਲਈ ਫਰੀਦਾਬਾਦ ਦੇ ਸਿਵਲ ਹਸਪਤਾਲ ਬਾਦਸ਼ਾਹ ਖ਼ਾਨ ਵਿੱਚ ਰੈਫਰ ਕਰ ਦਿੱਤਾ। ਜਦੋਂ ਉਹ ਅੰਕੁਸ਼ ਨੂੰ ਬਾਦਸ਼ਾਹ ਖ਼ਾਨ ਸਿਵਲ ਹਸਪਤਾਲ ਲੈ ਕੇ ਪਹੁੰਚੇ, ਤਾਂ ਉੱਥੋਂ ਦੇ ਡਾਕਟਰਾਂ ਨੇ ਅੰਕੁਸ਼ ਨੂੰ ਦਿੱਲੀ ਦੇ ਸਫਦਰਜੰਗ ਹਸਪਤਾਲ ਲਈ ਰੈਫਰ ਕਰ ਦਿੱਤਾ। ਪਰ ਉਹ ਉਸ ਨੂੰ ਸਫਦਰਜੰਗ ਨਾ ਲੈ ਕੇ ਜਾ ਕੇ ਫਰੀਦਾਬਾਦ ਦੇ ਹੀ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਲਈ ਲੈ ਕੇ ਜਾ ਰਹੇ ਸਨ ਕਿ ਰਸਤੇ ਵਿੱਚ ਹੀ ਅੰਕੁਸ਼ ਦੀ ਮੌਤ ਹੋ ਗਈ।

ਦੂਜੇ ਪਾਸੇ ਇਸ ਮਾਮਲੇ ਵਿੱਚ ਥਾਣਾ ਖੇੜੀ ਦੇ ਇੰਚਾਰਜ ਦੇਵੇਂਦਰ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਕਰੀਬ 1:30 ਵਜੇ ਪੁਲਿਸ ਨੂੰ ਸਰਵੋਦਿਆ ਨਿੱਜੀ ਹਸਪਤਾਲ ਤੋਂ ਸੂਚਨਾ ਮਿਲੀ ਸੀ ਕਿ ਇੱਕ ਨੌਜਵਾਨ ਮ੍ਰਿਤਕ ਹਾਲਤ ਵਿੱਚ ਹਸਪਤਾਲ ਪਹੁੰਚਿਆ ਹੈ। ਸੂਚਨਾ ਮਿਲਣ ਤੋਂ ਬਾਅਦ ਪੁਲਿਸ ਦੀ ਟੀਮ ਹਸਪਤਾਲ ਪਹੁੰਚੀ ਅਤੇ ਜਦੋਂ ਪਰਿਵਾਰ ਵਾਲਿਆਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਅੰਕੁਸ਼ ਦਾ ਵਰਤ ਸੀ, ਜਿਸ ਨੇ ਬੀਤੀ ਰਾਤ ਪਰਿਵਾਰ ਦੇ ਨਾਲ ਹੀ ਫਰੂਟੀ ਪੀਤੀ ਸੀ। ਪਰ ਅੰਕੁਸ਼ ਦੀ ਤਬੀਅਤ ਜ਼ਿਆਦਾ ਵਿਗੜਨ ਲੱਗੀ, ਜਿਸ ਕਾਰਨ ਉਸ ਨੂੰ ਕਈ ਹਸਪਤਾਲਾਂ ਵਿੱਚ ਲਿਜਾਇਆ ਗਿਆ, ਪਰ ਉਸ ਦੀ ਮੌਤ ਹੋ ਗਈ। ਫਿਲਹਾਲ ਇਸ ਮਾਮਲੇ 'ਚ ਪਰਿਵਾਰ ਦੀ ਸ਼ਿਕਾਇਤ ਮਿਲ ਗਈ ਹੈ, ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਗਈ ਹੈ। ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਰਿਪੋਰਟ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।


SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਜ਼ਿਲ੍ਹਾ ਫਰੀਦਕੋਟ ਵੱਲੋਂ ਕਨਵੈਨਸ਼ਨ ਅੱਜ

● ਸੂਬਾ ਕਮੇਟੀ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇਗਾ ● ਮੁੱਖ ਮੰਤਰੀ ਪੰਜਾਬ ਦੇ ਨਾਂ ਡਿਪਟੀ ਕਮਿਸ਼ਨਰ ਫਰੀਦਕੋਟ ਦੇ ਪ੍ਰਤੀਨਿਧ ਨੂੰ ਸੌਂਪਿਆ ਰੋਸ ਪੱਤਰ



**ਫ਼ਰੀਦਕੋਟ (ਸ਼ਿਵਨਾਥ )** ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਜ਼ਿਲ੍ਹਾ ਫਰੀਦਕੋਟ ਦੇ ਆਗੂਆਂ ਪ੍ਰੇਮ ਚਾਵਲਾ, ਇੰਦਰਜੀਤ ਸਿੰਘ ਖੀਵਾ, ਵੀਰਇੰਦਰਜੀਤ ਸਿੰਘ ਪੁਰੀ,ਨਵਪ੍ਰੀਤ ਸਿੰਘ, ਬਲਕਾਰ ਸਿੰਘ ਸਹੋਤਾ, ਇੰਦਰਜੀਤ ਸਿੰਘ ਗਿੱਲ, ਸਿਮਰਜੀਤ ਸਿੰਘ ਬਰਾੜ,ਜਗਤਾਰ ਸਿੰਘ ਗਿੱਲ , ਕੁਲਵੰਤ ਸਿੰਘ ਚਾਨੀ,ਸੁਖਮੰਦਰ ਸਿੰਘ ਗਿੱਲ ਅਤੇ ਹਰਪਾਲ ਸਿੰਘ ਮਚਾਕੀ ਵੱਲੋਂ ਮੁੱਖ ਮੰਤਰੀ ਪੰਜਾਬ ਸਰਕਾਰ ਦੇ ਨਾਂ ਇੱਕ ਰੋਸ ਪੱਤਰ ਅੱਜ ਸਥਾਨਕ ਮਿੰਨੀ ਸਕੱਤਰੇਤ ਵਿਖੇ ਡਿਪਟੀ ਕਮਿਸ਼ਨਰ ਫਰੀਦਕੋਟ ਦੇ ਪ੍ਰਤੀਨਿਧ ਸ੍ਰੀ ਪੁਨੀਤ ਸ਼ਰਮਾ ਉੱਪ ਮੰਡਲ ਮਜਿਸਟਰੇਟ ਫਰੀਦਕੋਟ ਨੂੰ ਦਿੱਤਾ ਗਿਆ। ਰੋਸ ਪੱਤਰ ਵਿੱਚ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਅਧਿਕਾਰੀ ਵੱਲੋਂ ਇਹ ਰੋਸ ਪੱਤਰ ਜਲਦੀ ਹੀ ਪੰਜਾਬ ਸਰਕਾਰ ਨੂੰ ਭੇਜਣ ਦਾ ਵਿਸ਼ਵਾਸ ਦਿਵਾਇਆ ਗਿਆ।

ਆਗੂਆਂ ਨੇ ਅੱਗੇ ਦੱਸਿਆ ਕਿ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਅਨੁਸਾਰ ਜ਼ਿਲ੍ਹਾ ਫਰੀਦਕੋਟ ਵੱਲੋਂ ਕੱਲ੍ਹ ਮਿਤੀ 20 ਜੂਨ ਨੂੰ ਸਵੇਰੇ ਠੀਕ 11 ਵਜੇ ਮਹਾਤਮਾ ਗਾਂਧੀ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਵਿਖੇ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਕੀਤੀ ਜਾ ਰਹੀ ਹੈ। ਇਸ ਕਨਵੈਨਸ਼ਨ ਦੌਰਾਨ ਫੈਸਲਾ ਕਰਕੇ ਫਰੀਦਕੋਟ ਜ਼ਿਲ੍ਹੇ ਦੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ,ਸਪੀਕਰ ਪੰਜਾਬ ਸਭਾ ਕੁਲਤਾਰ ਸਿੰਘ ਸੰਧਵਾਂ ਦੀ ਰਿਹਾਇਸ਼ ਪਿੰਡ ਸੰਧਵਾਂ ਵਿਖੇ, ਫਰੀਦਕੋਟ ਹਲਕੇ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਅਤੇ ਜੈਤੋ ਹਲਕੇ ਦੇ ਵਿਧਾਇਕ ਅਮੋਲਕ ਸਿੰਘ ਦੇ ਘਰਾਂ ਸਾਹਮਣੇ ਰੋਸ ਧਰਨੇ ਦੇਣ ਤੋਂ ਬਾਅਦ ਘੜੇ ਭੰਨ ਮੁਜ਼ਾਹਰੇ ਕਰਨ ਦੀਆਂ ਤਰੀਕਾਂ ਦਾ ਐਲਾਨ ਕੀਤਾ ਜਾਵੇਗਾ ਅਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਇਹਨਾਂ ਸਾਰਿਆਂ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਰੋਸ ਪੱਤਰ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਮੁੱਖ ਮੰਤਰੀ ਪੰਜਾਬ ਸਰਕਾਰ ਤੁਰੰਤ ਸਾਂਝੇ ਫਰੰਟ ਦੀ ਲੀਡਰਸ਼ਿਪ ਨਾਲ ਪੈਨਲ ਮੀਟਿੰਗ ਕਰਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਲਮਕ ਅਵਸਥਾ ਵਿੱਚ ਪਏ ਸਾਰੇ ਮਸਲੇ ਤੁਰੰਤ ਹੱਲ ਕਰਨ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ 18 ਫੀਸਦੀ ਦੀ ਦਰ ਨਾਲ ਬਕਾਇਆ ਪਈਆਂ 6 ਕਿਸ਼ਤਾਂ ਤੁਰੰਤ ਦਿੱਤੀਆਂ ਜਾਣ, ਪੈਨਸ਼ਨਰਾਂ ਲਈ 2 .59 ਦਾ ਗੁਣਾਂਕ ਤੁਰੰਤ ਲਾਗੂ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਤੁਰੰਤ ਬਹਾਲ ਕੀਤੀ ਜਾਵੇ, ਸਮੂਹ ਕੱਚੇ ਅਤੇ ਠੇਕਾ ਆਧਾਰਤ ਮੁਲਾਜ਼ਮਾਂ ਨੂੰ ਤੁਰੰਤ ਪੂਰੀਆਂ ਤਨਖਾਹਾਂ ਤੇ ਭੱਤਿਆਂ ਸਮੇਤ ਰੈਗੂਲਰ ਕੀਤਾ ਜਾਵੇ, ਆਸ਼ਾ ਵਰਕਰਾਂ, ਮਿਡ ਡੇਅ ਮੀਲ ਵਰਕਰਾਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਰਕਾਰੀ ਮੁਲਾਜ਼ਮ ਮੰਨਕੇ ਪੂਰੀਆਂ ਤਨਖਾਹਾਂ ਦਿੱਤੀਆਂ ਜਾਣ, ਮਾਨਯੋਗ ਅਦਾਲਤਾਂ ਵੱਲੋਂ ਪਿਛਲੇ ਸਮੇਂ ਦੌਰਾਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹੱਕ ਵਿੱਚ ਕੀਤੇ ਗਏ ਸਾਰੇ ਫੈਸਲੇ ਤੁਰੰਤ ਲਾਗੂ ਕੀਤੇ ਜਾਣ, ਸਾਝੇ ਫਰੰਟ ਦੇ ਮੰਗ ਪੱਤਰ ਵਿੱਚ ਸ਼ਾਮਲ ਸਮੂਹ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।

# ਮੋਬਾਇਲ ਦੀ ਜ਼ਿਆਦਾ ਵਰਤੋਂ ਗੰਭੀਰ ਖਤਰੇ ਦੀ ਘੰਟੀ : ਸ੍ਰੀ ਕ੍ਰਿਸ਼ਨ ਆਰ.ਏ.



**ਫ਼ਰੀਦਕੋਟ (ਸ਼ਿਵਨਾਥ )** ਅਜੋਕੇ ਸਮੇਂ ਵਿੱਚ ਸਾਇੰਸ ਅਤੇ ਤਕਨਾਲੋਜੀ ਵੱਲੋਂ ਕੀਤੀ ਗਈ ਤਰੱਕੀ ਆਪਣੇ ਸਿਖਰਾਂ 'ਤੇ ਹੈ। ਇਸੇ ਤਰੱਕੀ ਕਾਰਨ ਸੋਸ਼ਲ ਮੀਡੀਆ ਦੀ ਅਥਾਹ ਵਰਤੋਂ ਕੀਤੀ ਜਾਂਦੀ ਹੈ। ਸੋਸ਼ਲ ਮੀਡੀਆ ਵਿੱਚ ਮੋਬਾਇਲ ਅਤੇ ਕੰਪਿਊਟਰ ਦਾ ਸਭ ਤੋਂ ਅਹਿਮ ਸਥਾਨ ਹੈ। ਛੋਟੇ ਬੱਚਿਆਂ ਤੋਂ ਲੈ ਕੇ ਵੱਡ ਵਡੇਰੀ ਉਮਰ ਦੇ ਵਿਅਕਤੀਆਂ ਵੱਲੋਂ ਮੋਬ-ਾਇਲ ਦੀ ਧੜਾ ਧੜ ਵਰਤੋਂ ਕੀਤੀ ਜਾਂਦੀ ਹੈ। ਆਪਣੇ ਆਸੇ ਪਾਸੇ ਕਿਧਰੇ ਵੀ ਨਜ਼ਰ ਮਾਰੀ ਜਾਵੇ 95-96 ਪ੍ਰਤੀਸ਼ਤ ਵਿਅਕਤੀ ਮੋਬਾਇਲ ਦੀ ਵਰਤੋਂ ਕਰਦੇ ਨਜ਼ਰ ਆਉਣਗੇ। ਐਨਾ ਹੀ ਨਹੀਂ ਵਾਹਨ ਚਲਾਉਂਦੇ ਸਮੇਂ ਵੀ ਬਹੁਤ ਸਾਰੇ ਚਾਲਕ ਮੋਬਾਇਲ ਫੋਨ ਦੀ ਵਰਤੋਂ ਕਰਦੇ ਹਨ, ਗੰਭੀਰ ਦੁਰਘਟਨਾ ਦੇ ਸ਼ਿਕਾਰ ਹੋ ਜਾਂਦੇ। ਵਾਹਨ ਚਲਾਉਂਦੇ ਸਮੇਂ ਮੋਬਾਇਲ ਦੀ ਵਰਤੋਂ ਕਰਨ ਵਾਲੇ ਚਾਲਕ ਆਪਣੇ ਅਤੇ ਦੂਸਰਿਆਂ ਲਈ ਹਾਦਸਿਆਂ ਦਾ ਕਾਰਨ ਬਣਦੇ ਹਨ। ਮੋਬਾਇਲ ਦੀ ਜ਼ਿਆਦਾ ਵਰਤੋਂ ਕਰਨ ਵਾਲਾ ਵਿਅਕਤੀ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਕੇ ਸੜਿਆ ਬੁਝਿਆ ਅਤੇ ਚਿੜਚਿੜਾ ਰਹਿੰਦਾ ਹੈ। ਚੌਵੀ ਘੰਟੇ ਖਿਝਿਆ ਰਹਿੰਦਾ ਹੈ। ਮੋਬਾਇਲ ਦੀ ਜ਼ਿਅਦਾ ਅਤੇ ਬੇਲੋੜੀ ਵਰਤੋਂ ਕਰਨ ਨਾਲ ਸਮੇਂ ਦੀ ਬਰਬਾਦੀ ਹੁੰਦੀ ਹੈ, ਐਨਾ ਹੀ ਨਹੀਂ ਕਈ ਤਰ੍ਹਾਂ ਦੀਆਂ ਸਰੀਰਕ ਸਮੱਸਿਆਵਾਂ ਦਾ ਸਾਹਮਣਾ ਕਰਨ ਪੈਂਦਾ ਹੈ। ਅੱਖਾਂ ਦੀ ਨਜ਼ਰ ਘਟਨੀ ਜਾਂ ਗਰਦਨ ਝੁਕਾ ਕੇ ਮੋਬਾਇਲ ਦੀ ਵਰਤੋਂ ਕਰਨ ਨਾਲ ਸਰਵਾਇਕਲ ਅਤੇ ਕਈ ਹੋਰ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਐਨਾ ਹੀ ਨਹੀਂ ਮੋਬਾਇਲ ਦੀ ਜ਼ਿਆਦਾ ਵਰਤੋਂ ਕਰਨ ਵਾਲਾ ਵਿਅਕਤੀ ਰਿਸ਼ਤਿਆਂ ਦੀ ਭੀੜ ਵਿੱਚ ਵੀ ਇਕੱਲਾ ਹੀ ਰਹਿ ਜਾਂਦਾ ਹੈ। ਉਸ ਨੂੰ ਮੋਬਾਇਲ ਤੋਂ ਬਿਨ੍ਹਾਂ ਹੋਰ ਕੁਝ ਵੀ ਚੰਗਾ ਨਹੀਂ ਲੱਗਦਾ। ਪੰਜਾਬ ਰਾਜ ਬਿਜਲੀ ਬੋਰਡ ਵਿਚੋਂ ਸੇਵਾ ਮੁਕਤ ਅਧਿਕਾਰੀ ਅਤੇ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਮੁੱਖ ਸਲਾਹਕਾਰ ਸ੍ਰੀ ਕ੍ਰਿਸ਼ਨ ਆਰ.ਏ. ਨੇ ਸਮਾਜ ਵਿੱਚ ਮੋਬਾਇਲ ਦੀ ਦਿਨੋਂ ਦਿਨ ਵੱਧ ਰਹੀ ਪ੍ਰਵਿਰਤੀ ਨੂੰ ਗੰਭੀਰ ਖਤਰੇ ਦੀ ਨਿਸ਼ਾਨੀ ਦੱਸਿਆ ਹੈ। ਉਨ੍ਹਾਂ ਨੇ ਅੱਜ ਇਥੇ ਕਿਹਾ ਕਿ ਜੇ ਇਕ ਪ੍ਰਵਿਰਤੀ ਨੂੰ ਸਮੇਂ-ਸਿਰ ਨਾ ਰੋਕਿਆ ਗਿਆ ਤਾਂ ਸਮੁੱਚੇ ਸਮਾਜ ਲਈ ਘਾਤਕ ਸਿੱਧ ਹੋਵੇਗੀ। ਸ੍ਰੀ ਕ੍ਰਿਸ਼ਨ ਆਰ.ਏ. ਨੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਮੋਬਾਇਲ ਦੀ ਭੈੜੀ ਅਲਾਮਤ ਤੋਂ ਬਚਾਉਣ। ਅਜਿਹਾ ਕਰਕੇ ਹੀ ਦੇਸ਼ ਦੇ ਭਵਿੱਖ ਨੂੰ ਬਚਾਇਆ ਜਾ ਸਕਦਾ ਹੈ।

# ਬਹੁਜਨ ਸਮਾਜ ਪਾਰਟੀ ਵੱਲੋਂ ਵਿਸ਼ਾਲ ਵਰਕਰ ਸਮੀਖਿਆ ਅਤੇ ਕੈਡਰ ਕੈਂਪ ਨਵਾਂਸ਼ਹਿਰ ਵਿਖੇ ਕੀਤਾ ਜਾਵੇਗਾ




**ਬੰਗਾ 19 ਜੂਨ (ਚਰਨਜੀਤ ਸੱਲ੍ਹਾ )** ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ ਵੱਖ ਵੱਖ ਜ਼ਿਲ੍ਹਿਆਂ ਵਿੱਚ ਸਮੀਖਿਆ ਬੈਠਕਾਂ ਕੀਤੀਆਂ ਜਾ ਰਹੀਆਂ ਹਨ। ਇਸ ਦੇ ਤਹਿਤ 20 ਜੂਨ ਦਿਨ ਸ਼ਨੀਵਾਰ ਨੂੰ ਸ਼ਹੀਦ ਭਗਤ ਸਿੰਘ ਨਗਰ ਦੀ ਵਰਕਰ ਸਮੀਖਿਆ ਮੀਟਿੰਗ ਅਤੇ ਕੈਡਰ ਕੈਂਪ ਨਵਾਂਸ਼ਹਿਰ ਵਿਖੇ ਹੋਵੇਗਾ ਜਿਸ ਵਿੱਚ ਮੁੱਖ ਮਹਿਮਾਨ ਇੰਜ ਰਾਮਜੀ ਗੌਤਮ ਐਮ ਪੀ ਰਾਜ ਸਭਾ ਇੰਚਾਰਜ ਪੰਜਾਬ, ਹਰਿਆਣਾ,ਮੱਧ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ ਅਤੇ ਵਿਪਨ ਕੁਮਾਰ ਇੰਚਾਰਜ ਪੰਜਾਬ। ਪ੍ਰਧਾਨਗੀ ਡਾ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਸਾਬਕਾ ਐਮ ਪੀ ਰਾਜ ਸਭਾ ਇੰਚਾਰਜ ਚੰਡੀਗੜ੍ਹ। ਵਿਸ਼ੇਸ਼ ਮਹਿਮਾਨ ਪ੍ਰਵੀਨ ਬੰਗਾ, ਦਿਲਬਾਗ ਚੰਦ ਸਰਬਜੀਤ ਜਾਫਰਪੁਰ ਜ਼ਿਲ੍ਹਾ ਪ੍ਰਧਾਨ ਬਸਪਾ ਸ਼ਹੀਦ ਭਗਤ ਸਿੰਘ ਨਗਰ। ਸਵਾਗਤ ਕਰਤਾ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਅਤੇ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ਬਸਪਾ ਦੇ ਸਾਰੇ ਵਰਕਰਾਂ ਨੂੰ ਮਿਤੀ 20 ਜੂਨ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਸਥਾਨ ਹਾਲ ਕੈਂਟੀਨੈਂਟ ਹੋਟਲ ਬੰਗਾ ਰੋਡ ਨਵਾਂਸ਼ਹਿਰ ਵਿਖੇ ਪਹੁੰਚਣ ਦੀ ਕ੍ਰਿਪਾਲਤਾ ਕਰਨ।

# ਲਾਰਡ ਬੁੱਧਾ ਟਰੱਸਟ ਦਾ ਇਸਤਰੀ ਵਿੰਗ ਬਣਾਇਆ ਜਾਵੇਗਾ : ਪ੍ਰੋ. ਮੰਮਨ

## ਜਲਦੀ ਬੁਲਾਈ ਜਾਵੇਗੀ ਮੀਟਿੰਗ



**ਫ਼ਰੀਦਕੋਟ (ਸ਼ਿਵਨਾਥ )** ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਆਪਣੀ ਸਥਾਪਨਾ ਤੋਂ ਲੈ ਕੇ ਲਗਾਤਾਰ ਇਸਤਰੀਆਂ ਦੀ ਭਲਾਈ ਅਤੇ ਉਨ੍ਹਾਂ ਨੂੰ ਸਵੈ-ਰੁਜ਼ਗਾਰ ਸੰਪਨ ਬਨਾਉਣ ਲਈ ਯਤਨਸ਼ੀਲ ਰਿਹਾ ਹੈ। ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਕਰਨਾ, ਕੰਨਿਆ ਲੋਹੜੀ ਮੇਲੇ ਆਯੋਜਿਤ ਕਰਨਾ ਅਤੇ ਮੁਫਤ ਕਟਾਈ ਸਿਲਾਈ ਸੈਂਟਰ ਖੋਲ੍ਹੇ ਜਾਂਦੇ ਹਨ। ਅਜਿਹੇ ਕਾਰਜਾਂ ਵਿੱਚ ਟਰੱਸਟ ਦੀਆਂ ਇਸਤਰੀ ਮੈਂਬਰਾਂ ਵੱਲੋਂ ਮਹੱਤਵ ਪੂਰਨ ਭੂਮਿਕਾ ਨਿਭਾਈ ਜਾਂਦੀ ਹੈ। ਅਜਿਹੇ ਹੀ ਉਪਰਾਲਿਆਂ ਦੀ ਲੜੀ ਜਲਦੀ ਹੀ ਟਰੱਸਟ ਦੀ ਫਰੀਦਕੋਟ ਇਕਾਈ ਵੱਲੋਂ ਸ਼ੁਰੂ ਕੀਤੀ ਜਾਵੇਗੀ। ਇਸ ਮੰਤਵ ਲਈ ਫਰੀਦਕੋਟ ਇਕਾਈ ਵੱਲੋਂ ਲਾਰਡ ਬੁੱਧਾ ਚੈਰੀਟੇਬਲ ਟਰੱਸਟ ਦੇ ਇਸਤਰੀ ਵਿੰਗ ਦਾ ਗਠਨ ਕੀਤਾ ਜਾਵੇਗਾ। ਇਸਤਰੀ ਵਿੰਗ ਵਿੱਚ ਸੂਝਵਾਨ ਅਤੇ ਸਮਾਜ ਵਿੱਚ ਵਧੀਆ ਦਿੱਖ ਰੱਖਣ ਵਾਲੀਆਂ ਔਰਤਾਂ ਹੀ ਸ਼ਾਮਲ ਕੀਤੀਆਂ ਜਾਣਗੀਆਂ। ਅੱਜ ਇਥੇ ਇਹ ਜਾਣਕਾਰੀ ਦਿੰਦੇ ਹੋਏ ਟਰੱਸਟ ਦੇ ਜ਼ਿਲ੍ਹਾ ਜਨਰਲ ਸਕੱਤਰ, ਉੱਘੇ ਸਿੱਖਿਆ ਸ਼ਾਸਤਰੀ ਸੇਵਾ ਮੁਕਤ ਪ੍ਰੋਫੈਸਰ ਮਲਕੀਤ ਸਿੰਘ ਮੰਮਨ ਨੇ ਪ੍ਰੈਸ ਨਾਲ ਸਾਂਝੀ ਕੀਤੀ ਹੈ। ਪ੍ਰੋ. ਮੰਮਨ ਨੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਇਸਤਰੀ ਵਿੰਗ ਦਾ ਗਠਨ ਕਰਨ ਲਈ ਜਲਦੀ ਹੀ ਟਰੱਸਟ ਦੀ ਵਿਸ਼ੇਸ਼ ਮੀਟਿੰਗ ਬੁਲਾਈ ਜਾਵੇਗੀ। ਇਸ ਤੋਂ ਇਲਾਵਾ ਇਸਤਰੀ ਭਲਾਈ ਦੇ ਕਾਰਜਾਂ ਲਈ ਸਹਿਯੋਗੀ ਸੱਜਣਾਂ ਨਾਲ ਵੀ ਗੱਲ ਬਾਤ ਕੀਤੀ ਜਾਵੇਗੀ। ਪ੍ਰੋ. ਮੰਮਨ ਨੇ ਅੱਗੇ ਇਹ ਵੀ ਕਿਹਾ ਹੈ ਕਿ ਲਾਰਡ ਬੁੱਧਾ ਟਰੱਸਟ ਦੀ ਫਰੀਦਕੋਟ ਇਕਾਈ ਆਪਣੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਅਤੇ ਜ਼ਿਲ੍ਹਾ ਪ੍ਰਧਾਨ ਡੀ.ਪੀ.ਐੱਸ. ਭੋਲਾ ਦੀ ਯੋਗ ਅਗਵਾਈ ਅਤੇ ਦਿਸ਼ਾ-ਨਿਰਦੇਸ਼ਾਂ ਅਧੀਨ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਹੀ ਸਮਾਜ ਸੇਵਾ ਦੇ ਕਾਰਜ ਜਾਰੀ ਰੱਖੇਗੀ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਐਨ.ਆਰ.ਆਈ ਯੂਨੀਅਨ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਸਾਰੀਆਂ 117 ਸੀਟਾਂ ’ਤੇ ਲੜੇਗੀ ਚੋਣ

## ਮੁਖਤਿਆਰ ਸਿੰਘ ਝੰਡੇਰ ਬਣੇ ਐਨ. ਆਰ. ਆਈ ਯੂਨੀਅਨ ਇੰਗਲੈਂਡ ਦੇ ਪ੍ਰਧਾਨ

**ਲੈਸਟਰ (ਇੰਗਲੈਂਡ), 19 ਜੂਨ (ਸੁਖਜਿੰਦਰ ਸਿੰਘ ਢੱਡੇ)–** ਐਨ.ਆਰ.ਆਈ ਯੂਨੀਅਨ ਨੇ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਪਣੇ ਉਮੀਦਵਾਰ ਮੈਦਾਨ ਵਿੱਚ ਉਤਾਰਨ ਦਾ ਐਲਾਨ ਕਰ ਦਿੱਤਾ ਹੈ। ਇਸ ਸਬੰਧੀ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਐਨ.ਆਰ.ਆਈ ਯੂਨੀਅਨ ਵਰਲਡ ਦੇ ਪ੍ਰਧਾਨ ਦੇਵ ਸਿੰਘ ਥਿੰਦ ਨੇ ਕਿਹਾ ਕਿ ਵੱਖ-ਵੱਖ ਦੇਸ਼ਾਂ ਵਿੱਚ ਵਸਦੇ ਪ੍ਰਵਾਸੀ ਪੰਜਾਬੀਆਂ ਨੂੰ ਹਮੇਸ਼ਾ ਹੀ ਸਿਆਸੀ ਪਾਰਟੀਆਂ ਵੱਲੋਂ ਸਿਰਫ਼ ਚੋਣਾਂ ਦੌਰਾਨ ਯਾਦ ਕੀਤਾ ਜਾਂਦਾ ਹੈ ਅਤੇ ਵੱਡੇ-ਵੱਡੇ ਵਾਅਦੇ ਕਰਕੇ ਉਨ੍ਹਾਂ ਦੀ ਹਮਾਇਤ ਹਾਸਲ ਕੀਤੀ ਜਾਂਦੀ ਹੈ, ਪਰ ਸਰਕਾਰਾਂ ਬਣਨ ਤੋਂ ਬਾਅਦ ਐਨਆਰਆਈਆਂ ਦੀਆਂ ਸਮੱਸਿਆਵਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ।

ਉਨ੍ਹਾਂ ਕਿਹਾ ਕਿ ਪੰਜਾਬ ਫੇਰੀ ਦੌਰਾਨ ਐਨਆਰਆਈਆਂ ਨੂੰ ਅਨੇਕਾਂ ਮੁਸ਼ਕਿਲਾਂ ਦਾ ਸਾਹ-ਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦੀਆਂ ਜ਼ਮੀਨਾਂ ’ਤੇ ਨਾਜਾਇਜ਼ ਕਬਜ਼ੇ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਵੀ ਕੋਈ ਪ੍ਰਭਾਵਸ਼ਾਲੀ ਪ੍ਰਬੰਧ ਨਹੀਂ ਹਨ। ਇਸੇ ਕਾਰਨ ਐਨਆਰਆਈ ਭਾਈਚਾਰੇ ਨੇ ਆਪਣੀਆਂ ਮੰਗਾਂ ਅਤੇ ਹੱਕਾਂ ਲਈ ਖੁਦ ਚੋਣ ਮੈਦਾਨ ਵਿੱਚ ਉਤਰਨ ਦਾ ਫ਼ੈਸਲਾ ਕੀਤਾ ਹੈ। ਦੇਵ ਸਿੰਘ ਥਿੰਦ ਨੇ ਐਲਾਨ ਕੀਤਾ ਕਿ ਐਨਆਰਆਈ ਯੂਨੀਅਨ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ 117 ਵਿੱਚੋਂ 117 ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕਰੇਗੀ ਅਤੇ ਪੰਜਾਬ ਵਿੱਚ ਆਪਣੀ ਸਰਕਾਰ ਬਣਾਉਣ ਲਈ ਲੋਕਾਂ ਦਾ ਸਮਰਥਨ ਮੰਗੇਗੀ। ਉਨ੍ਹਾਂ ਕਿਹਾ ਕਿ ਜੇਕਰ ਐਨਆਰਆਈ ਯੂਨੀਅਨ ਦੀ ਸਰਕਾਰ ਬਣਦੀ ਹੈ ਤਾਂ ਪੰਜਾਬ ਦੇ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਘਰ ਬੈਠਿਆਂ ਹੀ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਏ ਜਾਣਗੇ।




**ਦੇਵ ਸਿੰਘ ਥਿੰਦ ਪ੍ਰਧਾਨ ਐਨ. ਆਰ. ਆਈ ਯੂਨੀਅਨ, ਮੁਖਤਿਆਰ ਸਿੰਘ ਝੰਡੇਰ ਪ੍ਰਧਾਨ ਐਨ. ਆਰ. ਆਈ ਯੂਨੀਅਨ ਇੰਗਲੈਂਡ**

ਉਨ੍ਹਾਂ ਦਾਅਵਾ ਕੀਤਾ ਕਿ ਅਜਿਹੀਆਂ ਯੋਜਨਾਵਾਂ ਉਲੀਕੀਆਂ ਜਾਣਗੀਆਂ, ਜਿਨ੍ਹਾਂ ਰਾਹੀਂ ਨੌਜਵਾਨਾਂ ਨੂੰ ਬਿਨਾਂ ਵਿਦੇਸ਼ ਗਏ ਅਤੇ ਬਿਨਾਂ ਜ਼ਮੀਨ ਵੇਚੇ ਜਾਂ ਗਹਿਣੇ ਰੱਖੇ ਘਰ ਬੈਠਿਆਂ ਹੀ ਪੌਂਡਾਂ ਅਤੇ ਡਾਲਰਾਂ ਵਿੱਚ ਕਮਾਈ ਕਰਨ ਦੇ ਮੌਕੇ ਮਿਲਣਗੇ।

ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਨਵੀਆਂ ਫੈਕਟਰੀਆਂ ਅਤੇ ਉਦਯੋਗ ਸਥਾਪਤ ਕਰਨ ਲਈ ਹੁਣ ਤੋਂ ਹੀ ਯਤਨ ਸ਼ੁਰੂ ਕਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।

ਇਸ ਮੌਕੇ ਦੇਵ ਸਿੰਘ ਥਿੰਦ ਨੇ ਕਪੂਰਥਲਾ ਜ਼ਿਲ੍ਹੇ ਨਾਲ ਸਬੰਧਤ ਸੀਨੀਅਰ ਐਨ.ਆਰ.ਆਈ ਆਗੂ ਮੁਖਤਿਆਰ ਸਿੰਘ ਝਨੇਰ ਨੂੰ ਐਨ.ਆਰ.ਆਈ ਯੂਨੀਅਨ ਇੰਗਲੈਂਡ ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ । ਆਪਣੇ ਸੰਬੋਧਨ ਦੌਰਾਨ ਐਨ. ਆਰ. ਆਈ ਯੂਨੀਅਨ ਇੰਗਲੈਂਡ ਦੇ ਨਵ ਨਿਯੁਕਤ ਪ੍ਰਧਾਨ ਮੁਖਤਿਆਰ ਸਿੰਘ ਝਨੇਰ ਨੇ ਕਿਹਾ ਕਿ ਐਨ.ਆਰ.ਆਈ ਯੂਨੀਅਨ ਆਉਣ ਵਾਲੇ ਸਮੇਂ ਵਿੱਚ ਵੱਡੇ ਪੱਧਰ ’ਤੇ ਸਰਗਰਮੀਆਂ ਚਲਾਏਗੀ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਪੂਰੀ ਤਿਆਰੀ ਨਾਲ ਮੈਦਾਨ ਵਿੱਚ ਉਤਰੇਗੀ।

# ਪੰਜਾਬ ਨੂੰ ਮੰਦਹਾਲੀ ਤੇ ਉਜਾੜੇ ਵਿੱਚੋਂ ਕੱਢ ਕੇ ਖੁਸ਼ਹਾਲੀ ਤੇ ਉਜਾਲੇ ਵੱਲ ਲੈ ਕੇ ਜਾਵੇਗੀ ਬਸਪਾ: ਰਾਮ ਜੀ ਗੌਤਮ, ਬਿਪਲ ਕੁਮਾਰ, ਡਾ. ਕਰੀਮਪੁਰੀ

**ਹੁਸ਼ਿਆਰਪੁਰ ਵਿਖੇ ਹੋਈ ਬਸਪਾ ਦੀ ਅਹਿਮ ਜ਼ਿਲ੍ਹਾ ਪੱਧਰੀ ਸਮੀਖਿਆ ਬੈਠਕ; ਸੰਗਠਨ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ ਲਈ ਲੀਡਰਸ਼ਿਪ ਦੀਆਂ ਲੱਗੀਆਂ ਡਿਊਟੀਆਂ**

**'ਪੰਜਾਬ ਸੰਭਾਲੋ ਮੁਹਿੰਮ' ਤਹਿਤ ਸਮੂਹ ਪੰਜਾਬੀਆਂ ਨੂੰ ਬਸਪਾ ਦੇ ਝੰਡੇ ਹੇਠ ਇਕੱਠੇ ਹੋਣ ਦਾ ਦਿੱਤਾ ਜ਼ੋਰਦਾਰ ਸੱਦਾ**

**ਹੁਸ਼ਿਆਰਪੁਰ, 19 ਜੂਨ: (ਚਰਨਜੀਤ ਸੱਲ੍ਹਾ )** ਬਹੁਜਨ ਸਮਾਜ ਪਾਰਟੀ ਵੱਲੋਂ ਸੰਗਠਨ ਦੀ ਸੰਜੀਦਗੀ, ਗੰਭੀਰਤਾ ਅਤੇ ਆਉਣ ਵਾਲੀਆਂ ਚੋਣਾਂ ਦੀਆਂ ਤਿਆਰੀਆਂ ਨੂੰ ਮੁੱਖ ਰੱਖਦਿਆਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਸੰਗਠਨ ਦਾ ਲੇਖਾ-ਜੋਖਾ ਕਰਨ ਲਈ ਇੱਕ ਉੱਚ-ਪੱਧਰੀ ਅਤੇ ਅਹਿਮ ਜ਼ਿਲ੍ਹਾ ਪੱਧਰੀ ਸਮੀਕਸ਼ਾ ਬੈਠਕ ਦਾ ਆਯੋਜਨ ਕੀਤਾ ਗਿਆ। ਇਸ ਬੈਠਕ ਵਿੱਚ ਬੂਥ ਪੱਧਰ ਤੱਕ ਸੰਗਠਨ ਦਾ ਪੁਨਰਗਠਨ ਕਰਨ, ਪਾਰਟੀ ਦੇ ਆਧਾਰ ਨੂੰ ਫੌਲਾਦੀ ਬਣਾਉਣ ਅਤੇ ਪੰਜਾਬ ਵਿੱਚ ਬਸਪਾ ਦੀ ਅਗਲੀ ਸਰਕਾਰ ਬਣਾਉਣ ਲਈ ਸਮੁੱਚੀ ਲੀਡਰਸ਼ਿਪ ਦੀਆਂ ਵਿਸ਼ੇਸ਼ ਡਿਊਟੀਆਂ ਲਗਾਈਆਂ ਗਈਆਂ।

ਇਸ ਅਹਿਮ ਬੈਠਕ ਵਿੱਚ ਮੁੱਖ ਮਹਿਮਾਨ ਵਜੋਂ ਸ੍ਰੀ ਰਾਮ ਜੀ ਗੌਤਮ (ਮੁੱਖ ਸੈਕਟਰ ਪ੍ਰਭਾਰੀ ਇੰਚਾਰਜ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਮਹਾਰਾਸ਼ਟਰ) ਨੇ ਸ਼ਿਰਕਤ ਕੀਤੀ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਸ੍ਰੀ ਬਿਪਲ ਕੁਮਾਰ (ਕੇਂਦਰੀ ਪ੍ਰਭਾਰੀ ਬਹੁਜਨ ਸਮਾਜ ਪਾਰਟੀ, ਪੰਜਾਬ) ਹਾਜ਼ਰ ਹੋਏ। ਬੈਠਕ ਦੀ ਪ੍ਰਧਾਨਗੀ ਬਸਪਾ ਪੰਜਾਬ ਦੇ ਸੂਬਾ ਪ੍ਰਧਾਨ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਵੱਲੋਂ ਕੀਤੀ ਗਈ।

**ਪੰਜਾਬ ਨੂੰ ਉਜਾੜੇ ਚੋਂ ਕੱਢ ਕੇ ਉਜਾਲੇ ਵੱਲ ਲੈ ਕੇ ਜਾਣਾ ਬਸਪਾ ਦਾ ਮੁੱਖ ਨਿਸ਼ਾਨਾ: ਮੁੱਖ ਲੀਡਰਸ਼ਿਪ**

ਬੈਠਕ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸ੍ਰੀ ਰਾਮ ਜੀ ਗੌਤਮ, ਕੇਂਦਰੀ ਪ੍ਰਭਾਰੀ ਸ੍ਰੀ ਬਿਪਲ ਕੁਮਾਰ ਅਤੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਸਾਂਝੇ ਤੌਰ 'ਤੇ ਆਖਿਆ ਕਿ ਮੌਜੂਦਾ ਸਮੇਂ ਪੰਜਾਬ ਬੇਹੱਦ ਗੰਭੀਰ ਦੌਰ ਅਤੇ ਮੰਦਹਾਲੀ ਵਿੱਚੋਂ ਲੰਘ ਰਿਹਾ ਹੈ। ਵਿਰੋਧੀ ਪਾਰਟੀਆਂ ਦੀਆਂ ਗਲਤ ਨੀਤੀਆਂ ਕਾਰਨ ਸੂਬੇ ਦਾ ਜੋ ਉਜਾੜਾ ਹੋਇਆ ਹੈ, ਉਸ ਵਿੱਚੋਂ ਪੰਜਾਬ ਨੂੰ ਕੱਢ ਕੇ ਖੁਸ਼ਹਾਲੀ ਅਤੇ ਉਜਾਲੇ ਵੱਲ ਸਿਰਫ਼ ਬਹੁਜਨ ਸਮਾਜ ਪਾਰਟੀ ਹੀ ਲੈ ਕੇ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਬਸਪਾ ਪੰਜਾਬ ਵਿੱਚ ਅਗਲੀ ਸਰਕਾਰ ਬਣਾਉਣ ਲਈ ਪੂਰੀ ਸੰਜੀਦਗੀ ਅਤੇ ਗੰਭੀਰਤਾ ਨਾਲ ਮੈਦਾਨ ਵਿੱਚ ਨਿੱਤਰ ਚੁੱਕੀ ਹੈ।

ਸੀਨੀਅਰ ਲੀਡਰਸ਼ਿਪ ਨੇ ਸਮੂਹ ਪੰਜਾਬੀਆਂ ਨੂੰ ਜ਼ੋਰਦਾਰ ਸੱਦਾ ਦਿੰਦਿਆਂ ਅਪੀਲ ਕੀਤੀ ਕਿ ਉਹ ਪੰਜਾਬ ਦੇ ਸੁਨਹਿਰੀ ਭਵਿੱਖ ਲਈ ਪਾਰਟੀ ਦੀ 'ਪੰਜਾਬ ਸੰਭਾਲੋ ਮੁਹਿੰਮ' ਦੇ ਦੂਰ ਦ੍ਰਿਸ਼ਟੀ ਅਤੇ ਲੋਕ-ਪੱਖੀ ਸੰਕਲਪ ਨਾਲ ਵੱਧ ਤੋਂ ਵੱਧ ਜੁੜਨ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਸਿਰਫ਼ ਇੱਕ ਸਿਆਸੀ ਮੁਹਿੰਮ ਨਹੀਂ, ਸਗੋਂ ਪੰਜਾਬ ਦੀ ਅਣਖ, ਭਾਈਚਾਰਕ ਸਾਂਝ ਅਤੇ ਪੰਜਾਬ ਨੂੰ ਵਿਕਾਸ ਨੂੰ ਦੀ ਲੀਹ ਤੇ ਤੋਰਨ ਦਾ ਇੱਕ ਪਵਿੱਤਰ ਹੋਕਾ ਹੈ।



**ਹੁਸ਼ਿਆਰਪੁਰ ਦੇ ਸੰਗਠਨ ਦੀ ਹੋਈ ਡੂੰਘੀ ਸਮੀਖਿਆ**

ਬੈਠਕ ਦੌਰਾਨ ਹੁਸ਼ਿਆਰਪੁਰ ਜ਼ਿਲ੍ਹੇ ਦੇ ਜਥੇਬੰਦਕ ਢਾਂਚੇ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ ਅਤੇ ਵਰਕਰਾਂ ਵਿੱਚ ਨਵੀਂ ਰੂਹ ਫੂਕਦਿਆਂ ਐਲਾਨ ਕੀਤਾ ਗਿਆ ਕਿ ਬੂਥ ਪੱਧਰ ਤੱਕ ਸੰਗਠਨ ਨੂੰ ਇੰਨਾ ਮਜ਼ਬੂਤ ਕਰ ਦਿੱਤਾ ਜਾਵੇਗਾ ਕਿ ਵਿਰੋਧੀ ਪਾਰਟੀਆਂ ਦੇ ਭਰਮ-ਭੁਲੇਖੇ ਦੂਰ ਹੋ ਜਾਣਗੇ।

ਇਸ ਸਮੀਕਸ਼ਾ ਬੈਠਕ ਦੌਰਾਨ ਸੰਗਠਨ ਦੇ ਕੰਮਾਂ ਦਾ ਲੇਖਾ-ਜੋਖਾ ਕਰਦਿਆਂ ਹਾਜ਼ਰ ਸੀਨੀਅਰ ਆਗੂਆਂ ਨੂੰ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੋਨ ਇੰਚਾਰਜ ਚੌਧਰੀ ਗੁਰਨਾਮ ਸਿੰਘ, ਲੋਕ ਸਭਾ ਇੰਚਾਰਜ ਠੇਕੇਦਾਰ ਭਗਵਾਨ ਦਾਸ ਸਟੇਟ ਜਨਰਲ ਸੈਕਟਰੀ, ਰਣਵੀਰ ਬੱਬਰ (ਸਟੇਟ ਸੈਕਟਰੀ), ਸ੍ਰੀ ਰਾਮ ਲਾਲ ਸੰਧੂ ਸਟੇਟ ਸੈਕਟਰੀ, ਮਨਿੰਦਰ ਸਿੰਘ ਸ਼ੇਰਪੁਰੀ (ਸਟੇਟ ਸੈਕਟਰੀ), ਸੁਖਦੇਵ ਬਿੱਟਾ (ਸਟੇਟ ਸੈਕਟਰੀ), ਦਲਜੀਤ ਰਾਏ (ਜ਼ਿਲ੍ਹਾ ਪ੍ਰਧਾਨ), ਅਤੇ ਸਰਪੰਚ ਜਗਮੋਹਣ ਸੱਜਣਾ (ਕਨਵੀਨਰ, ਜ਼ਿਲ੍ਹਾ ਬਹੁਜਨ ਵਲੰਟੀਅਰ ਫੋਰਸ) ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਬੈਠਕ ਦੇ ਅਖੀਰ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਮੂਹ ਅਹੁਦੇਦਾਰਾਂ ਅਤੇ ਉਤਸ਼ਾਹੀ ਵਰਕਰਾਂ ਨੇ ਹੱਥ ਖੜ੍ਹੇ ਕਰਕੇ ਪ੍ਰਣ ਲਿਆ ਕਿ ਉਹ 'ਪੰਜਾਬ ਸੰਭਾਲੋ ਮੁਹਿੰਮ' ਨੂੰ ਘਰ-ਘਰ ਤੱਕ ਪਹੁੰਚਾਉਣ ਅਤੇ ਬੂਥ ਪੱਧਰ ਤੱਕ ਪਾਰਟੀ ਦਾ ਪਰਚਮ ਬੁਲੰਦ ਕਰਕੇ ਪੰਜਾਬ ਵਿੱਚ ਬਸਪਾ ਦੀ ਸਰਕਾਰ ਬਣਾਉਣ ਲਈ ਦਿਨ-ਰਾਤ ਇੱਕ ਕਰ ਦੇਣਗੇ।

## ਮਲੇਸ਼ੀਆ ਤੋਂ ਕੱਢੇ ਗਏ 2 ਗਰਮਖਿਆਲੀਆਂ ਨੂੰ ਪੰਜਾਬ ਪੁਲਿਸ ਨੇ ਕੀਤਾ ਗ੍ਰਿਫ਼ਤਾਰ

**ਪਹੋਟੋ।** ਪੰਜਾਬ ਪੁਲਿਸ ਵੱਲੋਂ ਕੇਂਦਰੀ ਏਜੰਸੀਆਂ ਅਤੇ ਰੋਇਲ ਮਲੇਸ਼ੀਆ ਪੁਲਿਸ (ਫ਼) ਦੇ ਸਹਿਯੋਗ ਨਾਲ, ਇੱਕ ਵੱਡੀ ਖੁਫ਼ੀਆ ਕਾਰਵਾਈ ਦ ੌ ਰ ਾ ਨ ਗ ਰ ਮ ਖਿ ਆ ਲੀ ਆਂ ਨਾਲ ਜੁੜੇ ਦੋ ਲੋੜੀਂਦੇ ਕਾਰਕੁਨਾਂ ਨੂੰ ਮਲੇਸ਼ੀਆ ਤੋਂ ਡਿਪੋਰਟ ਕਰਵਾ ਕੇ ਭਾਰਤ ਲਿਆਂਦਾ ਗਿਆ ਹੈ। ਮੁਲਜ਼ਮਾਂ ਨੂੰ ਦਿੱਲੀ ਦੇ ਆਈ.ਜੀ.ਆਈ. ਹਵਾਈ ਅੱਡੇ 'ਤੇ ਪਹੁੰਚਣ 'ਤੇ ਪੰਜਾਬ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਅਗਲੇਰੀ ਜਾਂਚ ਲਈ ਪੰਜਾਬ ਲਿਆਂਦਾ ਗਿਆ। ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮ ਗੁਰਵਿੰਦਰ ਸਿੰਘ ਵਾਸੀ ਅੰਬਾਲਾ ਅਤੇ ਮਨਜੀਤ ਸਿੰਘ ਵਾਸੀ ਪਟਿਆਲਾ, ਦੋਵੇਂ ਮਲੇਸ਼ੀਆ ਵਿੱਚ ਬੈਠੇ ਗਰਮਖਿਆਲੀਆਂ ਸਮਰਥਿਤ ਅੱਤਵਾਦੀ ਮਾਡਿਊਲ ਦੀ ਅਹਿਮ ਕੜੀ ਸਨ, ਜੋ ਪੰਜਾਬ ਵਿੱਚ ਡੈਡੀਕੇਟਿਡ ਫ੍ਰੇਟ ਕੋਰੀਡੋਰ (ਧਢਛ) ਸਮੇਤ ਮਹੱਤਵਪੂਰਨ ਰੇਲਵੇ ਢਾਂਚਿਆਂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਵਿੱਚ ਸ਼ਾਮਲ ਸਨ। ਇਸ ਤੋਂ ਪਹਿਲਾਂ, ਪੰਜਾਬ ਪੁਲਿਸ ਵੱਲੋਂ 23 ਜਨਵਰੀ 2026 ਨੂੰ ਸਰਹਿੰਦ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਨੇੜੇ ਰੇਲਵੇ ਫਰੇਟ ਕੋਰੀਡੋਰ ਲਾਈਨ 'ਤੇ ਹੋਏ ਆਈ.ਈ.ਡੀ. (ੀਓਧ) ਧਮਾਕੇ ਅਤੇ 27 ਅਪ੍ਰੈਲ 2026 ਨੂੰ ਸ਼ੰਭੂ ਜ਼ਿਲ੍ਹਾ ਪਟਿਆਲਾ ਨੇੜੇ ਇਸੇ ਕੋਰੀਡੋਰ 'ਤੇ ਧਮਾਕੇ ਦੀ ਕੋਸ਼ਿਸ਼ ਕਰਨ ਵਾਲੇ ਅੱਤਵਾਦੀ ਮਾਡਿਊਲ ਦਾ ਪਰਦਾਫ਼ਾਸ਼ ਕੀਤਾ ਸੀ। ਜਾਂਚ ਦੌਰਾਨ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਵੱਡੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ-



ਬਾਰੂਦ ਬਰਾਮਦ ਹੋਇਆ ਸੀ, ਜਿਸ ਵਿੱਚ RPG Wlcr, IED, RDX, ਹੈਂਡ ਗ੍ਰਨੇਡ ਸਮੇਤ ਆਧੁਨਿਕ ਪਿਸਤੌਲਾਂ ਸ਼ਾਮਲ ਹਨ।ਅਗਲੇਰੀ ਜਾਂਚ ਦੌਰਾਨ ਇਸ ਅੰਤਰਰਾਸ਼ਟਰੀ ਸਾਜ਼ਿਸ਼ ਵਿੱਚ ਮਲੇਸ਼ੀਆ ਵਿੱਚ ਬੈਠੇ ਗਰਮਖਿਆਲੀ ਹੈਂਡਲਰਾਂ ਅਤੇ ਵਿੱਤੀ ਸਹਿਯੋਗੀਆਂ ਦੀ ਭੂਮਿਕਾ ਸਾਹਮਣੇ ਆਈ ਹੈ। ਡਿਪੋਰਟ ਕੀਤੇ ਗਏ ਦੋਵੇਂ ਮੁਲਜ਼ਮਾਂ ਦੀ ਭੂਮਿਕਾ ਵਿਦੇਸ਼ੀ ਬੈਂਕ ਖਾਤਿਆਂ ਰਾਹੀਂ ਗਰਮਖਿਆਲੀ ਆਪਰੇਟਿਵਜ਼ ਤੱਕ ਅੱਤਵਾਦੀ ਫੰਡ ਪਹੁੰਚਾਉਣ, ਪੰਜਾਬ ਵਿੱਚ ਅੱਤਵਾਦੀ ਹਮਲਿਆਂ ਦੀਆਂ ਸਾਜ਼ਿਸ਼ਾਂ ਨੂੰ ਅੰਜਾਮ ਦੇਣ ਅਤੇ ਸੂਬੇ ਦੀ ਅਮਨ-ਕਾਨੂੰਨ ਵਿਵਸਥਾ ਨੂੰ ਭੰਗ ਕਰਨ ਲਈ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਵਿੱਚ ਅਹਿਮ ਪਾਈ ਗਈ ਹੈ। ਦੋਵਾਂ ਮੁਲਜ਼ਮਾਂ ਨੂੰ 18 ਜੂਨ 2026 ਨੂੰ ਪਟਿਆਲਾ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਅਦਾਲਤ ਨੇ ਉਨ੍ਹਾਂ ਨੂੰ ਅਗਲੇਰੀ ਪੁੱਛਗਿੱਛ ਲਈ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਇਸ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਅਤੇ ਸਾਜ਼ਿਸ਼ ਵਿੱਚ ਸ਼ਾਮਲ ਬਾਕੀ ਲੋਕਾਂ ਦੀ ਪਛਾਣ ਕਰਨ ਲਈ ਜਾਂਚ ਜਾਰੀ ਹੈ। ਪੰਜਾਬ ਪੁਲਿਸ ਅੱਤਵਾਦੀ ਨੈੱਟਵਰਕਾਂ ਨੂੰ ਜੜ੍ਹੋਂ ਖਤਮ ਕਰਨ, ਅੱਤਵਾਦ ਨੂੰ ਮਿਲਣ ਵਾਲੀ ਵਿੱਤੀ ਮਦਦ ਦੇ ਨੈੱਟਵਰਕ ਨੂੰ ਤੋੜਨ ਅਤੇ ਪੰਜਾਬ ਦੀ ਸ਼ਾਂਤੀ, ਸੁਰੱਖਿਆ ਅਤੇ ਭਾਈਚਾਰਕ ਸਾਂਝ ਨੂੰ ਹਰ ਕੀਮਤ 'ਤੇ ਕਾਇਮ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਗਿਆਰ੍ਹਵੀ ਜਮਾਤ ਵਿੱਚ ਵੋਕੇਸ਼ਨਲ ਦੀ ਪੜ੍ਹਾਈ ਲਈ ਖ਼ਾਲਸਾ ਕਾਲਜੀਏਟ ਸਕੂਲ ਮਾਹਿਲਪੁਰ ਨੂੰ ਮਿਲੀ ਮਾਨਤਾ

**ਹੁਸ਼ਿਆਰਪੁਰ /ਮਾਹਿਲਪੁਰ, 19 ਜੂਨ ( ਤਰਸੇਮ ਦੀਵਾਨਾ )** - ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਕੈਂਪਸ ਵਿੱਚ ਸਫਲਤਾਪੂਰਵਕ ਢੰਗ ਨਾਲ ਚੱਲ ਰਹੇ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਨੂੰ ਇਸ ਸੈਸ਼ਨ ਤੋਂ ਵੋਕੇਸ਼ਨਲ ਵਿਸ਼ੇ ਵਿੱਚ ਇਲੈਕਟ੍ਰੀਕਲ ਟਰੇਡ ਦੀ ਪੜ੍ਹਾਈ ਸਬੰਧੀ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਤੋਂ ਮਾਨਤਾ ਪ੍ਰਾਪਤ ਹੋ ਗਈ ਹੈ ਜਿਸ ਨਾਲ ਵਿਦਿਆਰਥੀ ਹੁਣ ਦਸਵੀਂ ਤੋਂ ਬਾਅਦ ਇਸ ਸੰਸਥਾ ਵਿੱਚ ਵੋਕੇਸ਼ਨਲ ਦੀ ਕਿੱਤਾਮੁਖੀ ਸਿਖਿਆ ਪ੍ਰਾਪਤ ਕਰਕੇ ਆਪਣਾ ਭਵਿੱਖ ਰੌਸ਼ਨ ਕਰ ਸਕਦੇ ਹਨ। ਇਸ ਸਬੰਧੀ ਅੱਜ ਕਾਲਜ ਦੀ ਪ੍ਰਬੰਧਕੀ ਕਮੇਟੀ ਸਿੱਖ ਐਜੂਕੇਸ਼ਨਲ ਕੌਂਸਲ ਦੇ ਅਹੁਦੇਦਾਰਾਂ ਵਲੋਂ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ ਅਤੇ ਇਲੈਕਟ੍ਰੀਕਲ ਟਰੇਡ ਦੀ ਕੁਸ਼ਲ ਪੜ੍ਹਾਈ ਲਈ ਕਾਲਜੀਏਟ ਸਕੂਲ ਵਿੱਚ ਇਲੈਕਟ੍ਰੀਕਲ ਲੈਬ ਦਾ ਉਦਘਾਟਨ ਵੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਾਲਜ ਦੀ ਪ੍ਰਬੰਧਕੀ ਕਮੇਟੀ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ



ਰੁਜ਼ਗਾਰ ਕੇਂਦਰਿਤ ਕੋਰਸਾਂ ਦੀ ਆਧੁਨਿਕ ਤਕਨੀਕ ਨਾਲ ਪੜ੍ਹਾਈ ਲਈ ਵਚਨਬੱਧ ਹੈ। ਇਸ ਮੌਕੇ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਮੈਨੇਜਰ ਇੰਦਰਜੀਤ ਸਿੰਘ ਭਾਰਟਾ, ਖਜ਼ਾਨਚੀ ਵੀਰਇੰਦਰ ਸ਼ਰਮਾ, ਅਰਜੁਨ ਐਵਾਰਡੀ ਫੁੱਟਬਾਲਰ ਗੁਰਦੇਵ ਸਿੰਘ ਗਿੱਲ ਅਤੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਸਮੇਤ ਹੋਰ ਮੋਹਤਬਰ ਸ਼ਖ਼ਸੀਅਤਾਂ ਅਤੇ ਸਟਾਫ਼ ਹਾਜ਼ਰ ਸੀ। ਇਸ ਮੌਕੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਕਿਹਾ ਕਿ ਗਿਆਰਵੀ ਜਮਾਤ ਵਿੱਚ ਵਿਦਿਆਰਥੀਆਂ ਦੀ ਵੋਕੇਸ਼ਨਲ ਵਿਸ਼ੇ ਦੀ ਪੜਾਈ ਸਬੰਧੀ ਰੁਚੀ ਅਤੇ ਰੁਜ਼ਗਾਰ ਦੀਆਂ ਭਵਿੱਖ ਮੁਖੀ ਸੰਭਾਵਨਾਵਾਂ ਨੂੰ ਦੇਖਦਿਆਂ ਵੋਕੇਸ਼ਨਲ ਦੀ ਪੜਾਈ ਵਿੱਚ ਇਲੈਕਟ੍ਰੀਕਲ ਟਰੇਡ ਦੇ ਵਿਸ਼ੇ ਨੂੰ ਆਰੰਭ ਕੀਤਾ ਗਿਆ ਹੈ ਅਤੇ ਇਸ ਸਬੰਧੀ ਕਾਲਜ ਵਿਚ ਵਿਸ਼ੇਸ਼ ਦਾਖ਼ਲਾ ਕਾਊਂਟਰ ਅਤੇ ਕਾਉਂਸਲਿੰਗ ਸੈੱਲ ਵੀ ਚੱਲ ਰਿਹਾ ਹੈ। ਉਨਾਂ ਵਿਦਿਆਰਥੀਆ ਨੂੰ ਅਪੀਲ ਕੀਤੀ ਕਿ ਉਹ ਦਾਖਲਾ ਸੈੱਲ ਵਿਚ ਪੁੱਜ ਕੇ ਵੋਕੇਸ਼ਨਲ ਵਿਸ਼ੇ ਦੀ ਪੜਾਈ ਸਬੰਧੀ ਹੋਰ ਜਾਣਕਾਰੀ ਹਾਸਿਲ ਕਰਕੇ ਆਪਣੀ ਸੀਟ ਯਕੀਨੀ ਬਣਾ ਸਕਦੇ ਹਨ। ਇਸ ਮੌਕੇ ਗੁਰਦਿਆਲ ਸਿੰਘ ਕਹਾਰਪੁਰ, ਸਤਵਿੰਦਰ ਸਿੰਘ ਬਿੱਟੂ, ਪ੍ਰੋ ਕਮਲਪ੍ਰੀਤ ਕੌਰ, ਪ੍ਰੋ ਜਸਦੀਪ ਕੌਰ, ਪ੍ਰੋ ਅਸ਼ੋਕ ਕੁਮਾਰ, ਡਾ ਗਣੇਸ਼ ਖੰਨਾ, ਪ੍ਰੋ ਹਰਪ੍ਰੀਤ ਕੌਰ ਸੇਖੋਂ, ਪ੍ਰੋ ਰਮਨਦੀਪ ਕੌਰ, ਪ੍ਰੋ ਰਜਿੰਦਰ ਕੌਰ, ਪ੍ਰੋ ਅਵਲੀਨ ਕੌਰ ਆਦਿ ਸਮੇਤ ਹੋਰ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

## ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਵਲੋਂ ਮੋਦੀ ਸਰਕਾਰ ਖ਼ਿਲਾਫ਼ ਸੂਬੇ ਵਿੱਚ ਵਿਰੋਧ ਪ੍ਰਦਰਸ਼ਨ 22 ਜੂਨ ਨੂੰ - ਆਗੂ

**ਮਾਨਸਾ, 19 ਜੂਨ (ਜਸਵੰਤ ਗਿੱਲ ਸਮਾਲਸਰ)** ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਪੰਜਾਬ ਵਲੋਂ ਮੋਦੀ ਸਰਕਾਰ ਦੀਆਂ ਦੇਸ਼ ਵਿਰੋਧੀ ਅਤੇ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ 22 ਜੂਨ ਨੂੰ ਸੂਬਾ ਪੱਧਰ 'ਤੇ ਜੋ ਵਿਰੋਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ, ਉਸ ਦਿਨ ਮਾਨਸਾ ਵਿਖੇ ਵੀ ਸ਼ਹਿਰ ਵਿੱਚ ਰੈਲੀ ਤੇ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ। ਬਾਬਾ ਬੂਝਾ ਸਿੰਘ ਯਾਦਗਾਰ ਭਵਨ ਵਿਖੇ ਹੋਈ ਫਰੰਟ ਦੀ ਜ਼ਿਲਾ ਮਾਨਸਾ ਇਕਾਈ ਦੀ ਮੀਟਿੰਗ ਪਿੱਛੋਂ ਸੀਪੀਆਈ ਐਮ ਐਲ ਲਿਬਰੇਸ਼ਨ ਦੇ ਜ਼ਿਲਾ ਸਕੱਤਰ ਕਾਮਰੇਡ ਸੁਰਿੰਦਰ ਪਾਲ ਸ਼ਰਮਾ, ਸੀਪੀਆਈ ਦੇ ਜ਼ਿਲ੍ਹਾ ਕਾਮਰੇਡ ਕ੍ਰਿਸ਼ਨ ਚੌਹਾਨ ਅਤੇ ਆਰ ਐਮ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਲਾਲ ਚੰਦ ਵਲੋਂ ਜਾਰੀ ਇਕ ਬਿਆਨ ਵਿੱਚ ਦਸਿਆ ਗਿਆ ਹੈ ਕਿ 22 ਜੂਨ ਨੂੰ ਸਵੇਰੇ 10 ਵਜੇ ਇੰਨਾਂ ਪਾਰਟੀਆਂ ਦੇ ਵਰਕਰ ਵੱਡੀ ਗਿਣਤੀ ਵਿੱਚ ਗੁਰਦੁਆਰਾ ਚੌਂਕ ਵਿਖੇ ਇੱਕਠੇ ਹੋ ਕੇ ਜਲਸਾ ਕਰਨ ਤੋਂ ਬਾਅਦ ਸ਼ਹਿਰ ਦੇ ਬਾਜ਼ਾਰਾਂ ਵਿੱਚ ਮੋਦੀ ਸਰਕਾਰ ਖ਼ਿਲਾਫ਼ ਜੋਸ਼ੀਲਾ ਮੁਜ਼ਾਹਰਾ ਕਰਨਗੇ, ਜੋ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ ਬੁੱਤ ਤੱਕ ਪਹੁੰਚ ਕੇ ਸਮਾਪਤ ਹੋਵ-ੇਗਾ।



ਬਿਆਨ ਵਿੱਚ ਦਸਿਆ ਗਿਆ ਹੈ ਕਿ ਇੰਨਾਂ ਰੋਸ ਪ੍ਰਦਰਸ਼ਨਾਂ ਰਾਹੀਂ ਕਮਿਉਨਿਸਟ ਪਾਰਟੀਆਂ ਖੇਤੀ ਤੇ ਪ੍ਰਚੂਨ ਖੇਤਰ ਨੂੰ ਤਬਾਹ ਕਰਨ ਵਾਲੇ ਵਪਾਰ ਸਮਝੌਤੇ ਨੂੰ ਰੱਦ ਕਰਨ, ਬੇਰੁਜ਼ਗਾਰੀ ਅਤੇ ਪੇਪਰ ਲੀਕ ਰਾਹੀਂ ਨੌਜਵਾਨਾਂ ਦੇ ਭਵਿੱਖ ਨੂੰ ਬਰਬਾਦ ਕਰਨ ਲਈ ਮੁੱਖ ਜ਼ਿੰਮੇਵਾਰ ਕੇਂਦਰੀ ਸਿਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਬਰਖਾਸਤ ਕਰਨ, ਸਾਰੀਆਂ ਖੇਤੀ ਜਿਣਸਾਂ ਦੀ ਐਮ ਐਸ ਪੀ ਉਤੇ ਖਰੀਦ ਦੀ ਗਾਰੰਟੀ ਕਰਨ, ਚਾਰ ਕਿਰਤ ਕੋਡਾਂ ਦੀ ਬਜਾਏ ਰੱਦ ਕੀਤੇ ਕਿਰਤ ਕਾਨੂੰਨ ਬਹਾਲ ਕਰਨ, ਕੇਂਦਰ ਸਰਕਾਰ ਵੱਲੋਂ ਸੂਬਿਆਂ ਦੀ ਖੁਦਮੁਖਤਾਰੀ ਦੇ ਕੀਤੇ ਜਾ ਰਹੇ ਘਾਣ ਨੂੰ ਬੰਦ ਕਰਨ, ਚੰਡੀਗੜ੍ਹ ਨੂੰ ਪੰਜਾਬ ਦਾ ਹਵਾਲੇ ਕੀਤੇ ਜਾਣ, ਸੂਬੇ ਦੇ ਦਰਿਆਈ ਪਾਣੀਆਂ ਦੀ ਵੰਡ ਰੀਪੇਅਰੀਅਨ ਅਸੂਲ ਦੀ ਅਧਾਰ 'ਤੇ ਕੀਤੇ ਜਾਣ, ਪੰਜਾਬੀ ਬੋਲੀ ਨੂੰ ਦੇਸ਼ ਵਿੱਚ ਬਣਦਾ ਸਥਾਨ ਦਿੱਤੇ ਜਾਣ, ਪੰਜਾਬ ਦੇ ਡੈਮਾਂ ਤੇ ਹੈੱਡਵਰਕਸਾਂ ਦਾ ਕੰਟਰੋਲ ਪੰਜਾਬ ਦੇ ਹਵਾਲੇ ਕਰਨ, ਘੱਟੋ ਘੱਟ ਉਜਰਤ 26 ਹਜਾਰ ਰੁਪਏ ਪ੍ਰਤੀ ਮਹੀਨਾ ਅਤੇ ਕੰਮ ਦਿਹਾੜੀ ਕਾਨੂੰਨਨ 8 ਘੰਟੇ ਦੀ ਲਾਗੂ ਕੀਤੇ ਜਾਣ ਅਤੇ ਬਿਨਾਂ ਮੁਕੱਦਮਾ ਚਲਾਏ ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਕੈਦੀਆਂ ਨੂੰ ਤੁਰੰਤ ਰਿਹਾਅ ਕੀਤੇ ਜਾਣ ਵਰਗੇ ਮੁੱਦੇ ਉਠਾਉਣਗੀਆਂ।

ਫਰੰਟ ਵਲੋਂ ਆਮ ਜਨਤਾ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਇਸ ਮੁਜ਼ਾਹਰੇ ਵਿੱਚ ਸ਼ਾਮਲ ਹੋਣ ਦੀ ਪੁਰਜ਼ੋਰ ਅਪੀਲ ਕੀਤੀ ਗਈ ਹੈ।

ਮੀਟਿੰਗ ਵਿੱਚ ਉਕਤ ਆਗੂਆਂ ਤੋਂ ਇਲਾਵਾ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਰਤਨ ਭੋਲਾ, ਅਮਰੀਕ ਸਿੰਘ ਫਫੜੇ, ਬੂਟਾ ਸਿੰਘ ਬਰਨਾਲਾ, ਗੁਰਸੇਵਕ ਸਿੰਘ ਮਾਨ ਬੀਬੀਆਂ ਵੀ ਹਾਜ਼ਰ ਸਨ।

# ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਅਤੇ ਕਾਰਪੋਰੇਟ ਪੱਖੀ ਨੀਤੀਆਂ ਦੇ ਖ਼ਿਲਾਫ਼ ਸੰਘਰਸ਼ ਜਾਰੀ ਰੱਖਿਆ ਜਾਵੇਗਾ- ਏਟਕ

**ਲੁਧਿਆਣਾ 19 ਜੂਨ (ਕਰਨੈਲ ਸਿੰਘ ਐੱਮ.ਏ.)** ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਲੁਧਿਆਣਾ ਦੀ ਮੀਟਿੰਗ ਅੱਜ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਹੋਈ। ਇਸ ਵਿੱਚ ਵੱਖ-ਵੱਖ ਟ੍ਰੇਡ ਯੂਨੀਅਨ ਦੇ ਆਗੂ ਸਾਥੀਆਂ ਨੇ ਹਿੱਸਾ ਲਿਆ। ਪ੍ਰਧਾਨ ਕਾਮਰੇਡ ਵਿਜੇ ਕੁਮਾਰ ਨੇ ਪਿਛਲੇ ਦਿਨੀਂ ਕੇਰਲ ਵਿੱਚ ਹੋਈ ਏਟਕ ਦੀ ਕੌਮੀ ਨੈਸ਼ਨਲ ਕੌਂਸਲ ਦੀ ਮੀਟਿੰਗ ਵਿੱਚ ਹੋਏ ਵਿਚਾਰ-ਵਟਾਂਦਰੇ ਬਾਰੇ ਵਿਸਥਾਰ ਨਾਲ ਦੱਸਿਆ। ਇਸ ਸਾਲ ਦੇ ਅੰਤ ਵਿੱਚ ਏਟਕ ਦੀ ਕੌਮੀ ਕਾਨਫਰੰਸ ਹੋਣੀ ਹੈ। ਮੀਟਿੰਗ ਵਿੱਚ ਇਹ ਵੀ ਵਿਚਾਰ ਕੀਤਾ



ਗਿਆ ਕਿ ਸਾਰੀਆਂ ਟਰੇਡ ਯੂਨੀਅਨਾਂ ਦੀਆਂ ਰਿਟਰਨਾਂ ਜੋ ਭਰਨ ਵਾਲੀਆਂ ਹਨ, ਉਹ ਬਿਨਾਂ ਕਿਸੇ ਦੇਰੀ ਦੇ ਭਰੀਆਂ ਜਾਣ ਅਤੇ ਏਟਕ ਦੀ ਬਣਦੀ ਐਫੀਲੇਸ਼ਨ ਫੀਸ ਵੀ ਅਦਾ ਕੀਤੀ ਜਾਵੇ।

ਮੀਟਿੰਗ ਤੋਂ ਬਾਅਦ ਏਟਕ ਦੇ ਪ੍ਰਧਾਨ ਸਾਥੀ ਵਿਜੇ ਕੁਮਾਰ ਨੇ ਦੱਸਿਆ ਕਿ 22 ਜੂਨ ਨੂੰ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਫਾਸ਼ੀ ਹਮਲਿਆਂ ਦੇ ਖ਼ਿਲਾਫ਼ ਲੁਧਿਆਣਾ ਵਿੱਚ ਕੀਤੇ ਜਾ ਰਹੇ ਰੋਸ ਮੁਜ਼ਾਹਰੇ ਵਿੱਚ ਵੱਡੀ ਗਿਣਤੀ ਵਿੱਚ ਸਾਥੀ ਸ਼ਾਮਿਲ ਹੋਣਗੇ। ਇਸ ਮੀਟਿੰਗ ਵਿੱਚ ਸਾਥੀ ਵਿਜੇ ਕੁਮਾਰ, ਕੇਵਲ ਸਿੰਘ ਬਨਵੈਤ, ਰਮੇਸ਼ ਰਤਨ, ਚਮਕੌਰ ਸਿੰਘ ਗੁਰਮੇਲ ਮੈਲੜੇ, ਦਲਜੀਤ ਸਿੰਘ, ਕਾਮੇਸ਼ਵਰ ਯਾਦਵ, ਮਹੀਪਾਲ, ਟਾਈਗਰ ਸਿੰਘ, ਬੀ ਐਮ ਫਰੈਡਰਿਕ, ਟੁਨਟੁਨ ਯਾਦਵ ਅਤੇ ਹਰਪਾਲ ਸਿੰਘ ਸ਼ਾਮਿਲ ਸਨ।

# ਚੈਰੀਟੇਬਲ ਡਿਸਪੈਂਸਰੀ ਅਤੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਫੇਸ-1, ਦੁੱਗਰੀ ਵੱਲੋਂ ਲਗਾਇਆ ਫ੍ਰੀ ਮੈਡੀਕਲ ਚੈੱਕਅੱਪ ਕੈਂਪ : ਬੈਨੀਪਾਲ

## ਹਰ ਇਨਸਾਨ ਇਹੋ ਜਿਹੇ ਫ੍ਰੀ ਮੈਡੀਕਲ ਕੈਂਪਾਂ ਵਿੱਚ ਆਪਣੀ ਮੋਹਰੀ ਭੂਮਿਕਾ ਨਿਭਾਵੇ : ਕੁਲਵਿੰਦਰ ਸਿੰਘ ਬੈਨੀਪਾਲ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਇਨਸਾਨੀਅਤ ਕਦਰਾਂ ਕੀਮਤਾਂ ਤੇ ਪਹਿਰਾ ਦੇਣਾ ਅਤੇ ਆਪਣੀ ਉਸਾਰੂ ਸੋਚ ਨੂੰ ਮਨੁੱਖੀ ਭਲਾਈ ਕਾਰਜਾਂ ਵਿੱਚ ਲਗਾਉਣਾ ਹੀ ਸੱਚੀ ਮਨੁੱਖੀ ਸੇਵਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਮੁੱਖ ਸੇਵਾਦਾਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਨੇੜੇ ਸੀ.ਆਰ.ਪੀ ਕਲੋਨੀ, ਦੁੱਗਰੀ ਲੁਧਿਆਣਾ ਨੇ ਚੈਰੀਟੇਬਲ ਡਿਸਪੈਂਸਰੀ ਲੁਧਿਆਣਾ ਦੇ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਨਾਲ ਪੰਜਵੇਂ ਪਾਤਸ਼ਾਹ ਧੰਨ ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲਗਾਏ ਗਏ ਫ੍ਰੀ ਮੈਡੀਕਲ ਚੈੱਕਅੱਪ ਕੈਂਪ ਦਾ ਰਸਮੀ ਉਦਘਾਟਨ ਕਰਨ ਉਪਰੰਤ ਇਕੱਤਰ ਹੋਈਆਂ ਪ੍ਰਮੁੱਖ ਸ਼ਖ਼ਸੀਅਤਾਂ ਤੇ ਕੈਂਪ ਅੰਦਰ ਚੈੱਕਅੱਪ ਕਰਵਾਉਣ ਵਾਲੇ ਵਿਅਕਤੀਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ । ਉਨ੍ਹਾਂ ਨੇ ਕਿਹਾ ਕਿ ਇਹੋ ਜਿਹੇ ਫ੍ਰੀ ਮੈਡੀਕਲ ਚੈੱਕਅੱਪ ਕੈਂਪ ਹਰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਲਗਾਉਂਦੇ ਰਹਿਣਾ ਚਾਹੀਦਾ ਹੈ , ਜੋ ਕਿ ਕਈ ਕੀਮਤੀ ਮਨੁੱਖੀ ਜ਼ਿੰਦਗੀਆਂ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਈ ਸਿੱਧ ਹੁੰਦਾ ਹੈ । ਇਸ ਲਈ ਹਰ ਇਨਸਾਨ ਨੂੰ ਇੱਕ ਵਲੰਟੀਅਰ ਦੇ ਰੂਪ ਵਜੋਂ ਇਹ ਕਾਰਜ ਕਰਨ ਵਿੱਚ ਆਪਣੀ ਮੋਹਰੀ ਭੂਮਿਕਾ ਨਿਭਾਉਣੀ ਚਾਹੀਦੀ ਹੈ । ਇਸ ਦੌਰਾਨ ਕੈਂਪ ਦੀ ਆਰੰਭਤਾ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਅਤੇ ਕਰਤਾਰ ਸਿੰਘ ਬਰਾੜ ਨੇ ਆਪਣਾ ਮੈਡੀਕਲ ਚੈੱਕਅੱਪ ਅਤੇ ਬਲੱਡ ਅਤੇ ਸ਼ੂਗਰ ਦੀਆਂ



ਬਿਮਾਰੀਆਂ ਚੈੱਕ ਕਰਕੇ ਕਰਵਾਈ । ਇਸ ਮੌਕੇ ਕੈਂਪ ਦੇ ਮੁੱਖ ਪ੍ਰਬੰਧਕਾਂ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਤੇ ਚੈਰੀਟੇਬਲ ਡਿਸਪੈਂਸਰੀ ਦੇ ਹੈਡ ਸ੍ਰ: ਜਰਨੈਲ ਸਿੰਘ, ਤਰਲੋਚਨ ਸਿੰਘ ਨੇ ਜਾਣਕਾਰੀ ਦੇਂਦਿਆਂ ਹੋਇਆਂ ਕਿਹਾ ਕਿ ਲਗਾਏ ਗਏ ਫ੍ਰੀ ਮੈਡੀਕਲ ਚੈੱਕਅੱਪ ਕੈਂਪ ਵਿੱਚ 100 ਤੋਂ ਵੱਧ ਵਿਅਕਤੀਆਂ ਨੇ ਆਪਣਾ ਮੈਡੀਕਲ ਚੈੱਕਅੱਪ ਕਰਵਾਇਆ। ਇਸ ਕੈਂਪ ਵਿੱਚ ਵੱਖ-ਵੱਖ ਬਿਮਾਰੀਆਂ ਦੇ ਪ੍ਰਸਿੱਧ ਡਾਕਟਰਾਂ ਨੇ ਆਪਣਾ ਯੋਗਦਾਨ ਪਾਇਆ। ਦੰਦਾਂ ਦੇ ਡਾਕਟਰ ਰਵਿੰਦਰ ਕੌਰ ( ਐਮ.ਡੀ.ਐਸ ) ਨੇ ਦੰਦਾਂ ਬਾਰੇ ਸਾਰਿਆਂ ਨੂੰ ਜਾਣਕਾਰੀ ਦਿੱਤੀ ਅਤੇ ਸੰਗਤਾਂ ਦਾ ਫ੍ਰੀ ਇਲਾਜ ਵੀ ਕੀਤਾ। ਡਾਕਟਰ ਗੁਰਪ੍ਰੀਤ ਸਿੰਘ (ਬੀ.ਏ.ਐਮ.ਐਸ) ਹੋਰਾਂ ਨੇ ਵੀ ਕਈ ਮਰੀਜ਼ਾਂ ਦਾ ਪੂਰਨ ਚੈੱਕਅੱਪ ਕੀਤਾ ਅਤੇ ਫ੍ਰੀ ਦਵਾਈਆਂ ਵੀ ਦਿੱਤੀਆਂ। ਹਰੀਦੇਬਾਲੀ ਜਿਹੜੇ ਕਿ ਹੋਮਿਓਪੈਥੀ ਦੇ ਵੀ ਸਪੈਸ਼ਲਿਸਟ ਹਨ ਉਨ੍ਹਾਂ ਨੇ ਵੀ ਮਰੀਜ਼ਾਂ ਨੂੰ ਚੈੱਕ ਕਰਕੇ ਹੋਮਿਓਪੈਥਿਕ ਦਵਾਈਆਂ ਬਾਰੇ ਜਾਣਕਾਰੀ ਦਿੱਤੀ ਅਤੇ ਫ੍ਰੀ ਦਵਾਈ ਵੀ ਦਿੱਤੀ। ਸਾਰੇ ਮਰੀਜਾਂ ਦੇ ਬਲੱਡ ਅਤੇ ਖੂਨ ਦੇ ਟੈਸਟ ਵੀ



ਫ੍ਰੀ ਕੀਤੇ ਗਏ। ਚੈਰੀਟੇਬਲ ਡਿਸਪੈਂਸਰੀ ਅਤੇ ਸ਼੍ਰੀ ਸੁਖਮਨੀ ਸਾਹਿਬ ਸੋਸਾਇਟੀ ਲੁਧਿਆਣਾ ਦੇ ਸਮੂਹ ਮੈਂਬਰ ਜਰਨੈਲ ਸਿੰਘ, ਤਰਲੋਚਨ ਸਿੰਘ, ਜਸਵਿੰਦਰ ਸਿੰਘ, ਪਰਮਵੀਰ ਸਿੰਘ, ਇੰਦਰਜੀਤ ਸਿੰਘ, ਹਰਮਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਵਿੱਕੀ, ਰਵਿੰਦਰ ਕੌਰ, ਸੁਖਦੀਪ ਕੌਰ, ਅਮਨਦੀਪ ਕੌਰ ਦੀ ਸਾਰੀ ਟੀਮ ਵੱਲੋਂ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਦਾ ਸਨਮਾਨ ਵੀ ਕੀਤਾ ਗਿਆ। ਇਸ ਦੌਰਾਨ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਮੁੱਖ ਸੇਵਾਦਾਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਵੱਲੋਂ ਕੈਂਪ ਵਿੱਚ ਪਹੁੰਚਣ ਵਾਲੇ ਸਮੂਹ ਪਤਵੰਤੇ ਸੱਜਣਾਂ, ਜਿਨ੍ਹਾਂ ਨੇ ਮੈਡੀਕਲ ਕੈਂਪ ਵਿੱਚ ਆ ਕੇ ਆਪਣਾ ਚੈੱਕਅੱਪ ਕਰਵਾਇਆ। ਅਤੇ ਚੈਰੀਟੇਬਲ ਡਿਸਪੈਂਸਰੀ ਦੇ ਸਮੂਹ ਟੀਮ ਦੇ ਮੈਂਬਰਾਂ ਨੂੰ ਵਿਸੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ ।ਇਸ ਸਮੇ ਉਨ੍ਹਾਂ ਦੇ ਨਾਲ ਚੈਅਰਮੈਨ ਬਲਜੀਤ ਸਿੰਘ ਸੇਠੀ, ਸੀਨੀਅਰ ਮੈਂਬਰ ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਦਰਸ਼ਨ ਸਿੰਘ, ਜਗਮੋਹਨ ਸਿੰਘ, ਸਰਬਜੀਤ ਸਿੰਘ ਚਗਰ, ਮਲਕੀਤ ਸਿੰਘ, ਯਸ਼ਪਾਲ ਸਿੰਘ, ਗੁਰਦੀਪ ਸਿੰਘ ਕਾਲੜਾ, ਰਜਿੰਦਰ ਸਿੰਘ ਭਾਟੀਆ, ਸੁਖਵਿੰਦਰ ਪਾਲ ਸਿੰਘ, ਚਰਨਜੀਤ ਸਿੰਘ ਪਾਇਲ, ਹਰਨੇਕ ਸਿੰਘ, ਮਨਜੀਤ ਸਿੰਘ ਪਾਇਲ, ਗੁਰਚਰਨ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ, ਡਾਕਟਰ ਪ੍ਰੇਮ ਸਿੰਘ ਚਾਵਲਾ, ਤਰਲੋਕ ਸਿੰਘ ਸਚਦੇਵਾ, ਵਰਿੰਦਰ ਮੋਹਨ ਸਿੰਘ, ਜਗਜੀਤ ਸਿੰਘ, ਤਰਲੋਕ ਸਿੰਘ, ਮਨਿੰਦਰ ਸਿੰਘ, ਜਸਵਿੰਦਰ ਸਿੰਘ, ਹਰਪਾਲ ਸਿੰਘ, ਚਮਨ ਸਿੰਘ, ਕਰਮ ਸਿੰਘ, ਤਜਿੰਦਰ ਸਿੰਘ ਆਦਿ ਹਾਜ਼ਰ ਸਨ ।

# ਨਸ਼ਾ ਤਸਕਰਾਂ ਖਿਲਾਫ਼ ਪੁਲਿਸ ਦੀ ਵੱਡੀ ਕਾਰਵਾਈ: 4 ਗ੍ਰਾਮ ਹੈਰੋਇਨ ਸਮੇਤ ਦੋ ਕਾਬੂ, ਮੁਕੱਦਮਾ ਦਰਜ

**ਬਲਾਚੌਰ, 19 ਜੂਨ (ਜਤਿੰਦਰਪਾਲ ਸਿੰਘ ਕਲੇਰ)** : ਇਲਾਕਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਅਤੇ ਮਾੜੇ ਅਨਸਰਾਂ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ ਦੋ ਵਿਅਕਤੀਆਂ ਨੂੰ 4 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਗਈ ਹੈ। ਜਾਣਕਾਰੀ ਦਿੰਦਿਆ ਹੈਡ ਕਾਂਸਟੇਬਲ ਨਰਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਪਾਰਟੀ ਮਾੜੇ ਅਨਸਰਾਂ ਅਤੇ ਸ਼ੱਕੀ ਵਿਅਕਤੀਆਂ ਤੇ ਵਾਹਨਾਂ ਦੀ ਚੈਕਿੰਗ ਦੇ ਸਬੰਧ ਵਿੱਚ ਮੁੱਖ ਚੌਕ ਤੋਂ ਨਵੀਂ ਲੱਕੜ ਮੰਡੀ ਤੋਂ ਹੋ ਗੁੱਜਰਾਂ ਦੇ ਡੇਰੇ ਵੱਲ ਨੂੰ ਜਾ ਰਹੀ ਸੀ। ਤਾਂ ਪੁਲਿਸ ਪਾਰਟੀ ਨੇ ਸ਼ੱਕ ਦੇ ਆਧਾਰ 'ਤੇ ਦੋ ਵਿਅਕਤੀਆਂ



ਨੂੰ ਮੌਕੇ 'ਤੇ ਕਾਬੂ ਕੀਤਾ। ਪੁਲਿਸ ਵੱਲੋਂ ਕਾਬੂ ਕੀਤੇ ਜਾਣ ਤੋਂ ਬਾਅਦ ਜਦੋਂ ਦੋਵਾਂ ਦੇ ਨਾਮ ਅਤੇ ਪਤੇ ਪੁੱਛੇ ਗਏ, ਤਾਂ ਪਹਿਲੇ ਵਿਅਕਤੀ ਨੇ ਆਪਣੀ ਪਛਾਣ ਬਲਜਿੰਦਰ ਸਿੰਘ ਉਰਫ਼ ਗੋਲੂ ਪੁੱਤਰ ਦਿਆਲ ਚੰਦ, ਵਾਸੀ ਸੋਇਤਾ, ਥਾਣਾ ਰਾਹੋਂ ਵਜੋਂ ਦੱਸੀ ਅਤੇ ਦੂਸਰੇ ਵਿਅਕਤੀ ਨੇ ਆਪਣਾ ਨਾਮ ਗੁਰਜੋਤ ਸਿੰਘ ਉਰਫ਼ ਜੋਤ ਵਾਸੀ ਰਾਣੇਵਾਲ ਥਾਣਾ ਸਦਰ ਨਵਾਂਸ਼ਹਿਰ ਦੱਸਿਆ। ਪੁਲਿਸ ਨੇ ਜਿੰਨਾ ਪਾਸੋਂ 4 ਗ੍ਰਾਮ ਹੈਰੋਇਨ ਬਰਾਮਦ ਕੀਤੀ।

ਪੁਲਿਸ ਨੇ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਖ਼ੂਨਦਾਨ ਅਤੇ ਜਨਰਲ ਮੈਡੀਕਲ ਕੈਂਪ ਲਾਇਆ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸ਼੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਸ਼ਹਾਦਤ ਨੂੰ ਸਮਰਪਿਤ ਹਿਊਮਨ ਰਾਇਟਸ ਸੋਸ਼ਲ ਵੈਲਫੇਅਰ ਐਸੋਸੀਏਸ਼ਨ, ਆਲ ਇੰਡੀਆ ਹਿਊਮਨ ਰਾਇਟਸ ਕੋਂਸਲ ਵੱਲੋਂ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੇ ਸਹਿਯੋਗ ਨਾਲ ਹਰਜਿੰਦਰ ਸਿੰਘ ਪਮਾਲ ਦੀ ਅਗਵਾਈ ਹੇਠ ਤੀਜਾ ਮਹਾਨ ਖ਼ੂਨਦਾਨ ਕੈਂਪ ਗੁਰਦੁਆਰਾ ਪ੍ਰੇਮ ਸਾਗਰ, ਪਿੰਡ ਪਮਾਲ ਵਿਖੇ ਲਗਾਇਆ ਗਿਆ। ਇਸ ਮੌਕੇ ਤੇ ਏਕਨੂਰ ਨੇਕੀ ਦਾ ਹਸਪਤਾਲ ਵੱਲੋਂ ਫ਼ਰੀ ਜਨਰਲ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ ਅੱਖਾਂ, ਕੰਨ, ਨੱਕ, ਗਲਾ, ਹੱਡੀਆਂ ਅਤੇ ਹਾਰਟ ਦੀਆਂ ਬਿਮਾਰੀਆਂ ਦੇ 150 ਮਰੀਜ਼ਾਂ ਦੀ ਜਾਂਚ ਕੀਤੀ ਅਤੇ ਦਵਾਈਆਂ ਅਤੇ ਐਨਕਾਂ ਫਰੀ ਵੰਡੀਆਂ। ਇਸ ਮਹਾਨ ਖ਼ੂਨਦਾਨ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਸੰਤ ਬਾਬਾ ਸੁਖਬੀਰ ਸਿੰਘ ਖਾਲਸਾ, ਵਿਧਾਇਕ ਮਨਪ੍ਰੀਤ ਸਿੰਘ ਇਯਾਲੀ, ਉੱਘੇ ਸਮਾਜ ਸੇਵੀ ਰਣਜੀਤ ਸਿੰਘ ਸਿਡਾਨਾ ਨੇ ਸ਼੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਯਾਦ ਵਿੱਚ ਮਨੁੱਖਤਾ ਦੇ ਭਲੇ ਲਈ ਲਗਾਏ ਗਏ ਮਹਾਨ ਖ਼ੂਨਦਾਨ ਕੈਂਪ ਦੀ ਸ਼ਲਾਘਾ ਕੀਤੀ। ਡਾ: ਸੁਖਵਿੰਦਰ ਸਿੰਘ ਹਿੱਸੋਵਾਲ ਸਮੇਤ ਖ਼ੂਨਦਾਨ ਕਰਨ ਵਾਲੇ ਦਾਨੀਆਂ ਦੀ ਹੌਂਸਲਾ ਅਫਜ਼ਾਈ ਕਰਦਿਆਂ ਸਰਟੀਫਿਕੇਟ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਨੇ ਦੱਸਿਆ ਕਿ ਕੈਂਪ ਦੌਰਾਨ ਇਕੱਤਰ ਕੀਤਾ ਗਿਆ ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਵੇਗਾ। ਇਸ ਮੌਕੇ ਤੇ ਆਲ ਇੰਡੀਆ ਹਿਊਮਨ ਰਾਇਟਸ ਕੌਂਸਲ ਕੌਮੀ ਪ੍ਰਧਾਨ ਆਸਾ ਸਿੰਘ ਅਜਾਦ, ਰਕੇਸ਼ ਕੁਮਾਰ ਮੀਡੀਆ ਇੰਚਾਰਜ ਲੁਧਿਆਣਾ, ਗੁਰਪ੍ਰੀਤ ਸਿੰਘ ਪਟਿਆਲਾ, ਹਰਜਿੰਦਰ ਸਿੰਘ, ਪਵਨ ਕੁਮਾਰ, ਰਣਜੀਤ ਸਿੰਘ, ਸਮਸੇਰ ਸਿੰਘ ਧਰਮਕੋਟ, ਗੁਰਪ੍ਰੀਤ ਸਿੰਘ ਮੋਹਾਲੀ, ਹਿਊਮਨ ਰਾਇਟਸ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਗੁਰਦੀਪ ਸਿੰਘ ਮਦਨ, ਰਣਜੀਤ ਸਿੰਘ ਢਿਲਵਾਂ, ਗੁਰਜੀਤ ਕੌਰ, ਚਰਨਜੀਤ ਕੌਰ, ਸਰਵਨ ਸਿੰਘ, ਚਮਕੌਰ ਸਿੰਘ ਮੋਗਾ, ਰਘਵੀਰ ਸਿੰਘ, ਕੁਲਵਿੰਦਰ ਕੌਰ, ਰਜਿੰਦਰ ਕੌਰ, ਕਮਲਜੀਤ ਕੌਰ, ਸਰਬਜੀਤ ਕੌਰ, ਅਮਰਜੀਤ ਸਿੰਘ, ਹਰਜਿੰਦਰ ਸਿੰਘ ਘੁਮਾਣਾ, ਇਤਬਾਰ ਸਿੰਘ ਨੱਥੋਵਾਲ, ਲਖਵੀਰ ਸਿੰਘ, ਡਾਕਟਰ ਹਰਦੀਪ ਸਿੰਘ, ਜਗਤਾਰ ਸਿੰਘ, ਜਤਿੰਦਰ ਸਿੰਘ ਗੋਲੂ, ਸੋਨੀ ਸਿੰਘ, ਲਖਵਿੰਦਰ ਸਿੰਘ, ਹਰਦੇਵ ਸਿੰਘ, ਸਰਬਜੀਤ ਸਿੰਘ, ਹਰਪ੍ਰੀਤ ਸਿੰਘ, ਰਾਜਵੀਰ ਸਿੰਘ, ਜਸਨਦੀਪ ਸਿੰਘ, ਇੰਦਾ ਸਿੰਘ, ਚਮਕੌਰ ਸਿੰਘ, ਮਨਪ੍ਰੀਤ ਸਿੰਘ, ਗੌਰਵ ਸਿੰਘ, ਲੱਕੀ ਸਿੰਘ, ਮਨੀ ਸਿੰਘ, ਰਿੱਕੀ ਸਿੰਘ, ਸੁਖਦੇਵ ਸਿੰਘ ਪਮਾਲ, ਭੋਲਾ ਸਿੰਘ ਕਾਲਾ, ਪੂਨੂੰ, ਲੀਲਾ, ਲੱਕੀ ਸਰਪੰਚ ਪੱਖੋਵਾਲ, ਦੀਪ ਲੁਧਿਆਣਾ, ਸਿੰਦੀ, ਲੀਲਾ, ਮਨੀ ਸੁਧਾਰ, ਗੁਰਮਨ ਸਿੰਘ ਰੱਤੋਵਾਲ, ਇੰਦਰਪਾਲ ਸਿੰਘ ਪਾਮਾਲੀ, ਰਵੀ ਸਿੰਘ ਪਾਮਲੀ, ਜਗਜੀਤ ਸਿੰਘ ਜੱਗਾ, ਰਾਵਲ ਸਿੰਘ ਪਮਾਲ ਅਤੇ ਪਤਵੰਤੇ ਸੱਜਣ ਅਤੇ ਨਗਰ ਨਿਵਾਸੀ ਹਾਜ਼ਰ ਸਨ ।





# ਰਾਹੁਲ ਗਾਂਧੀ ਦੇ ਜਨਮ- ਦਿਨ 'ਤੇ ਬਾਵਾ ਅਤੇ ਦਾਖਾ ਨੇ ਦਿੱਤੀ ਵਧਾਈ

**ਲੁਧਿਆਣਾ 19 ਜੂਨ (ਕਰਨੈਲ ਸਿੰਘ ਐੱਮ.ਏ.)-** ਭਾਰਤ ਦਾ ਭਵਿੱਖ ਰਾਹੁਲ ਗਾਂਧੀ ਜੋ ਭਾਰਤ ਦੇ ਨੌਜਵਾਨਾਂ ਦੇ ਦਿਲ ਦੀ ਧੜਕਣ ਹੈ, ਨੂੰ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ.) ਇੰਚਾਰਜ ਹਿਮਾਚਲ ਪ੍ਰਦੇਸ਼ ਅਤੇ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਨੇ ਬੁੱਕੇ ਭੇਂਟ ਕਰਕੇ ਮਿਠਾਈਆਂ ਵੰਡ ਕੇ ਹਾਰਦਿਕ ਵਧਾਈ ਦਿੱਤੀ। ਇਸ ਸਮੇਂ ਬਾਵਾ ਅਤੇ ਦਾਖਾ ਨੇ ਕਿਹਾ ਕਿ ਭਾਰਤ ਦਾ ਇੱਕੋ ਇੱਕ ਨੇਤਾ ਰਾਹੁਲ ਗਾਂਧੀ ਹੈ, ਜੋ ਹਰ ਵਰਗ ਦੇ ਲੋਕਾਂ ਨੂੰ ਪਿਆਰ ਕਰਦਾ ਹੈ ਅਤੇ ਭਾਰਤ ਦੀ ਏਕਤਾ ਅਤੇ ਅਖੰਡਤਾ ਦਾ ਮੁਦਈ ਹੈ। ਉਹਨਾਂ ਕਿਹਾ ਕਿ ਰਾਹੁਲ ਗਾਂਧੀ ਨੇ 3700 ਕਿਲੋਮੀਟਰ ਯਾਤਰਾ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ ਕਰਕੇ ਦੱਸ ਦਿੱਤਾ ਹੈ ਕਿ ਕਿਹੜੀ ਪਾਰਟੀ ਕਿਹੜਾ ਨੇਤਾ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਕੇ ਸਭ ਵਰਗਾਂ ਦੇ ਲੋਕਾਂ ਨੂੰ ਇੱਕੋ ਲੜੀ ਵਿੱਚ ਪਰੋ ਕੇ ਭਾਰਤ ਨੂੰ ਵਿਕਾਸ ਦੇ ਰਸਤੇ ਤੇ ਅੱਗੇ ਲਿਜਾ ਸਕਦਾ ਹੈ। ਬਾਵਾ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਰਾਜਨੀਤੀ ਦੀ ਦੁਨੀਆ ਵਿੱਚ 2004 ਵਿੱਚ ਪੈਰ ਰੱਖਿਆ ਅਤੇ ਅਮੇਠੀ ਤੋਂ ਸੰਸਦ ਬਣੇ। ਉਹ ਕਾਂਗਰਸ ਪਾਰਟੀ ਦੇ ਪ੍ਰਮੁੱਖ ਚਿਹਰਿਆਂ ਵਿੱਚੋਂ ਇੱਕ ਹਨ ਜਿਹਨਾਂ ਹਮੇਸ਼ਾਂ ਧਰਮ ਨਿਰਪੱਖ ਸੋਚ ਅਤੇ ਸਮਾਜਿਕ ਨਿਆਂ ਦਾ ਸਮਰਥਨ ਕੀਤਾ ਹੈ। ਅਮੇਠੀ ਵਿੱਚ ਚੋਣ ਮੁਹਿੰਮ ਤੋਂ ਲੈ ਕੇ ਆਪਣੀ ਦੇਸ਼ ਵਿਆਪੀ ਮੁਹਿੰਮ ਤੱਕ ਉਹ ਨੌਜਵਾਨਾਂ ਅਤੇ ਗ਼ਰੀਬਾਂ ਲਈ ਇੱਕ ਆਵਾਜ਼ ਬਣੇ ਹਨ ਅਤੇ ਵਾਰ-ਵਾਰ ਲੋਕਤੰਤਰੀ ਕਦਰਾਂ ਕੀਮਤਾਂ ਅਤੇ ਸੰਸਥਾਵਾਂ ਦੀ ਰੱਖਿਆ ਦੀ ਵਕਾਲਤ ਕੀਤੀ ਹੈ।



# ਜ਼ਿਲ੍ਹਾ ਪੱਧਰੀ ਯੋਗਾ ਦਿਵਸ ਦੀਆਂ ਤਿਆਰੀਆਂ ਮੁਕੰਮਲ: ਡਿਪਟੀ ਕਮਿਸ਼ਨਰ

## 21 ਜੂਨ ਨੂੰ ਬਾਰਾਦਰੀ ਗਾਰਡਨ ਨਵਾਂਸ਼ਹਿਰ ਵਿਖੇ ਹੋਵੇਗਾ ਜ਼ਿਲ੍ਹਾ ਪੱਧਰੀ ਸਮਾਗਮ

**ਨਵਾਂਸ਼ਹਿਰ, 19 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ 21 ਜੂਨ ਨੂੰ ਮਨਾਏ ਜਾਣ ਵਾਲੇ ਅੰਤਰਾਸ਼ਟਰੀ ਯੋਗ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਜ਼ਿਲ੍ਹਾ ਪੱਧਰੀ ਸਮਾਗਮ ਬਾਰਾਦਰੀ ਗਾਰਡਨ, ਨਵਾਂਸ਼ਹਿਰ ਵਿਖੇ ਸਵੇਰੇ 6:00 ਵਜੇ ਤੋਂ 7:00 ਵਜੇ ਤੱਕ ਕਰਵਾਇਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਾਰਾਦਰੀ ਗਾਰਡਨ ਵਿਖੇ ਕਰਵਾਏ ਜਾਣ ਵਾਲੇ ਯੋਗਾ ਦਿਵਸ ਦੀਆਂ ਤਿਆਰੀਆਂ ਸਬੰਧੀ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਹੈ ਅਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਸਮਾਗਮ ਵਿੱਚ ਕੋਈ ਕਮੀ ਨਾ ਰਹੇ। ਉਨ੍ਹਾਂ ਦੱਸਿਆ ਕਿ ਯੋਗ ਅਭਿਆਸ ਲਈ ਵਿਸ਼ਾਲ ਪੰਡਾਲ, ਮੈਟਸ, ਸਾਊਂਡ ਸਿਸਟਮ ਅਤੇ ਐਲ.ਈ.ਡੀ. ਸਕਰੀਨ ਲਗਾਈ ਗਈ ਹੈ। ਲੋਕਾਂ ਦੀ ਸਹੂਲਤ ਲਈ ਪੀਣ ਵਾਲੇ ਪਾਣੀ, ਬੈਠਣ ਅਤੇ ਪਾਰਕਿੰਗ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਸਿਹਤ ਵਿਭਾਗ ਵੱਲੋਂ ਐਂਬੂਲੈਂਸ ਅਤੇ ਮੈਡੀਕਲ ਟੀਮ ਤਾਇਨਾਤ ਕੀਤੀ ਜਾਵੇਗੀ। ਸੁਰੱਖਿਆ ਦੇ ਮੱਦੇਨਜ਼ਰ ਪੁਲਿਸ ਪ੍ਰਸ਼ਾਸਨ ਵੱਲੋਂ ਵੀ ਲੋੜੀਂਦਾ ਪ੍ਰਬੰਧ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸਮਾਗਮ ਵਿੱਚ ਵੱਖ-ਵੱਖ ਸਕੂਲਾਂ-ਕਾਲਜਾਂ ਦੇ ਵਿਦਿਆਰਥੀ, ਐਨ.ਸੀ.ਸੀ/ਐਨ.ਐਸ.ਐਸ ਵਲੰਟੀਅਰ, ਸਰਕਾਰੀ ਕਰਮਚਾਰੀ ਅਤੇ ਵੱਡੀ ਗਿਣਤੀ ਵਿੱਚ ਆਮ ਲੋਕ ਸ਼ਾਮਲ ਹੋਣਗੇ। ਯੋਗ ਮਾਹਿਰਾਂ ਦੀ ਟੀਮ ਵੱਲੋਂ ਆਯੁਸ਼ ਮੰਤਰਾਲੇ ਦੇ ਆਮ ਯੋਗ ਪ੍ਰੋਟੋਕੋਲ ਅਨੁਸਾਰ ਅਭਿਆਸ ਕਰਵਾਇਆ ਜਾਵੇਗਾ, ਜਿਸ ਵਿੱਚ ਆਸਨ, ਪ੍ਰਾਣਾਯਾਮ ਅਤੇ ਧਿਆਨ ਸ਼ਾਮਲ ਹੋਣਗੇ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਵੇਰੇ ਸਮੇਂ ਸਿਰ ਬਾਰਾਦਰੀ ਗਾਰਡਨ ਪਹੁੰਚ ਕੇ ਇਸ ਸਮਾਗਮ ਵਿੱਚ ਵੱਧ ਤੋਂ ਵੱਧ ਹਿੱਸਾ ਲੈਣ ਅਤੇ ਯੋਗ ਨੂੰ ਆਪਣੀ ਰੋਜ਼ਾਨਾ ਜੀਵਨ ਸ਼ੈਲੀ ਦਾ ਹਿੱਸਾ ਬਣਾਉਣ।



# ਵਿਕਾਸ ਦੇ ਨਾਲ-ਨਾਲ ਵਾਤਾਵਰਣ ਦੀ ਸੰਭਾਲ ਵੀ ਜ਼ਰੂਰੀ, ਲੋਕਾਂ ਦੀ ਸਿਹਤ ਨਾਲ ਖਿਲਵਾੜ ਬਰਦਾਸ਼ਤ ਨਹੀਂ": ਸੰਤੋਸ਼ ਕਟਾਰੀਆ

**ਬਲਾਚੌਰ, 19 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਹਲਕਾ ਬਲਾਚੌਰ ਵਿਧਾਇਕਾ ਸੰਤੋਸ਼ ਕਟਾਰੀਆ ਇਨ੍ਹਾਂ ਦੇ ਨਾਲ ਕਰਨ ਕਟਾਰੀਆ ਵੱਲੋਂ ਇਲਾਕੇ ਵਿੱਚ ਕੁਝ ਫੈਕਟਰੀਆਂ ਦੁਆਰਾ ਹਵਾ ਅਤੇ ਪਾਣੀ ਦੇ ਵਧ ਰਹੇ ਪ੍ਰਦੂਸ਼ਣ ਦੇ ਮਾਮਲੇ ਨੂੰ ਬਹੁਤ ਹੀ ਗੰਭੀਰਤਾ ਨਾਲ ਉਠਾਇਆ ਗਿਆ ਹੈ। ਇਸ ਸਬੰਧੀ ਉਨ੍ਹਾਂ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਰੀਨਾ ਗੁਪਤਾ ਨਾਲ ਮੁਲਾਕਾਤ ਕਰਕੇ ਇੱਕ ਲਿਖਤੀ ਸ਼ਿਕਾਇਤ ਪੱਤਰ ਸੌਂਪਿਆ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ ਉਦਯੋਗਿਕ ਇਕਾਈਆਂ ਖ਼ਿਲਾਫ਼ ਤੁਰੰਤ ਕਾਰਵਾਈ ਦੀ ਮੰਗ ਕੀਤੀ।

ਵਿਧਾਇਕਾ ਸੰਤੋਸ਼ ਕਟਾਰੀਆ ਨੇ ਆਪਣੇ ਪੱਤਰ ਵਿੱਚ ਵਿਸਥਾਰ ਨਾਲ ਦੱਸਿਆ ਕਿ ਬਲਾਚੌਰ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਚੱਲ ਰਹੀਆਂ ਕੁਝ ਫੈਕਟਰੀਆਂ ਵਿੱਚੋਂ ਨਿਕਲ ਰਹੇ ਜ਼ਹਿਰੀਲੇ ਧੂੰਏਂ, ਗੰਦੇ ਪਾਣੀ ਅਤੇ ਹੋਰ ਪ੍ਰਦੂਸ਼ਣਕਾਰੀ ਤੱਤਾਂ ਕਾਰਨ ਸਥਾਨਕ ਵਾਤਾਵਰਣ ਬੁਰੀ ਤਰ੍ਹਾਂ ਪਲੀਤ ਹੋ ਰਿਹਾ ਹੈ।



ਉਨ੍ਹਾਂ ਚਿੰਤਾ ਪ੍ਰਗਟਾਈ ਕਿ ਸਥਾਨਕ ਵਸਨੀਕਾਂ ਵੱਲੋਂ ਵੀ ਇਸ ਸਬੰਧੀ ਕਈ ਵਾਰ ਸ਼ਿਕਾਇਤਾਂ ਕੀਤੀਆਂ ਗਈਆਂ ਹਨ, ਕਿਉਂਕਿ ਇਸ ਪ੍ਰਦੂਸ਼ਣ ਕਾਰਨ ਇਲਾਕੇ ਦੇ ਲੋਕਾਂ ਨੂੰ ਸਾਹ ਸੰਬੰਧੀ ਭਿਆਨਕ ਬਿਮਾਰੀਆਂ ਸਮੇਤ ਹੋਰ ਕਈ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਲਾਚੌਰ ਖੇਤਰ ਵਿੱਚ ਚੱਲ ਰਹੀਆਂ ਸਾਰੀਆਂ ਫੈਕਟਰੀਆਂ ਦੀ ਨਿਯਮਾਂ ਅਨੁਸਾਰ ਤੁਰੰਤ ਜਾਂਚ ਕੀਤੀ ਜਾਵੇ ਵਾਤਾਵਰਣ ਸੰਬੰਧੀ ਨਿਯਮਾਂ ਦੀਆਂ ਧੱਜੀਆਂ ਉਡਾਉਣ ਵਾਲੀਆਂ ਇਕਾਈਆਂ ਖ਼ਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਲਾਕੇ ਵਿੱਚ ਹਵਾ ਅਤੇ ਪਾਣੀ ਦੀ ਗੁਣਵੱਤਾ ਦੀ ਨਿਯਮਿਤ ਤੌਰ 'ਤੇ ਨਿਗਰਾਨ ਨੂੰ ਯਕੀਨੀ ਬਣਾਇਆ ਜਾਵੇ।"ਪੰਜਾਬ ਸਰਕਾਰ ਲੋਕਾਂ ਦੀ ਸਿਹਤ ਅਤੇ ਸਾਫ਼-ਸੁਥਰੇ ਵਾਤਾਵਰਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਕਿਸੇ ਵੀ ਕੀਮਤ 'ਤੇ ਵਾਤਾਵਰਣ ਨਾਲ ਖਿਲਵਾੜ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁਰੱਖਿਅਤ ਅਤੇ ਸਾਫ਼ ਵਾਤਾਵਰਣ ਦੇਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ।"ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਹਲਕੇ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹ ਜਨਤਾ ਨਾਲ ਜੁੜੇ ਇਸ ਮਹੱਤਵਪੂਰਨ ਮੁੱਦੇ ਨੂੰ ਲਗਾਤਾਰ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਂਦੇ ਰਹਿਣਗੇ ਤਾਂ ਜੋ ਬਲਾਚੌਰ ਖੇਤਰ ਦੇ ਨਿਵਾਸੀਆਂ ਨੂੰ ਪ੍ਰਦੂਸ਼ਣ ਦੇ ਇਸ ਡੰਗ ਤੋਂ ਜਲਦ ਰਾਹਤ ਮਿਲ ਸਕੇ ਅਤੇ ਕੁਦਰਤ ਦੀ ਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

# ਅਸਲੀ ਇਕੱਠ



ਚੋਣ ਵਰ੍ਹੇ ਵਿੱਚ ਸਭ ਦਾ ਜ਼ੋਰ ,
ਲੱਗਿਐ ਮਸ਼ਹੂਰੀ 'ਤੇ ।
ਵੋਟਰ ਨੂੰ ਹਰ ਕੋਈ ਲਾਉਂਣਾ ,
ਚਾਹੇ ਮਿੱਠੀ ਚੂਰੀ 'ਤੇ ।
ਯੂ.ਪੀ. ਵਰਗੇ ਹੋਰ ਵੀ ਕਿਲੇ ,
ਜ਼ਰੂਰੀ ਹਨ ਭਾਵੇਂ ;
ਪੰਜਾਬ ਸਿੰਆਂ ਐਪਰ ਬਹੁਤਾ ,
ਕੱਠ ਹੈ ਤੇਰੀ ਭੂਰੀ 'ਤੇ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
99148366037

# ਹਾਕਮ ਨੂੰ ਕੀ ਪਤਾ ਸੀ

ਹਾਕਮ ਨੂੰ ਕੀ ਪਤਾ ਸੀ / ਕਵਿਤਾ
ਸਮੇਂ ਦੇ ਹਾਕਮ ਦੇ ਹੁਕਮ ਤੇ
ਬੀਬੀ ਭਾਨੀ ਦੇ ਚੰਨ ਨੂੰ
ਸਖ਼ਤ ਗਰਮੀ ਦੇ ਮੌਸਮ ਵਿੱਚ
ਬਿਠਾਇਆ ਗਿਆ
ਤੱਤੀ ਤਵੀ ਉੱਤੇ
ਤੇ ਪਾਈ ਗਈ
ਸੀਸ ਤੇ ਸੜਦੀ, ਬਲਦੀ ਰੇਤ।
ਉਸ ਨੂੰ ਕੀ ਪਤਾ ਸੀ
ਉਸ ਦੀ ਧਾਰਮਿਕ ਕੱਟੜਤਾ
ਤੇ ਤੰਗ ਦਿਲੀ
ਕੁੱਝ ਨਹੀਂ ਵਿਗਾੜ ਸਕਦੀ
ਬੀਬੀ ਭਾਨੀ ਦੇ ਚੰਨ ਦਾ
ਤੇ ਨਿਮਰਤਾ ਦੇ ਪੁੰਜ,
ਸ਼ਾਂਤੀ ਸਰੂਪ ਨੇ
ਇਹ ਅਸਹਿ ਸਰੀਰਕ ਕਸ਼ਟ
ਸਹਾਰ ਲੈਣੇ ਨੇ
" ਤੇਰਾ ਕੀਆ ਮੀਠਾ ਲਾਗੈ।
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ।" ਕਹਿ ਕੇ
ਤੇ ਉਸ ਦੀ ਸ਼ਹਾਦਤ ਨੇ
ਉਸ ਦੇ ਸਿੱਖਾਂ ਨੂੰ
ਜਬਰ, ਜ਼ੁਲਮ ਦੇ ਟਾਕਰੇ ਲਈ
ਸਦਾ ਤਿਆਰ ਰਹਿਣ ਦਾ ਪਾਠ
ਪੜ੍ਹਾ ਦੇਣਾ ਹੈ।

**ਮਹਿੰਦਰ ਸਿੰਘ ਮਾਨ**
**ਸਾਮ੍ਹਣੇ ਅੰਗਦ ਸਿੰਘ**
**ਐੱਮ ਐੱਲ ਏ ਹਾਊਸ**
**ਕੈਨਾਲ ਰੋਡ**
**ਨਵਾਂ ਸ਼ਹਿਰ-144514**
**ਫੋਨ** 9915803554



# ਗੀਤ

ਜਿੱਥੇ ਪ੍ਰੇਮ-ਪਿਆਰ ਨਾ ਹੱਸੇ, ਬਿਰਹੋਂ ਹਰ ਪਲ ਮਨ ਨੂੰ ਡੱਸੇ
ਪ੍ਰੀਤਮ ਮਨ-ਦਰਪਣ 'ਚ ਵੱਸੇ, 'ਤੇ ਵਿਸ਼ਵਾਸ ਬਣਾ ਕੇ ਦੱਸੇ
ਤਾਂ ਸੱਜਣ ਜੀ, ਪਿਆਰ 'ਚ ਮਰਨਾ ਪੈਂਦਾ ਹੈ
ਤੇ ਸੂਲੀ 'ਤੇ ਚੜ੍ਹਨਾ ਪੈਂਦਾ ਹੈ।
ਹਰ ਸਾਹ 'ਚ ਲੈ-ਲੈ ਨਾਂ ਉਹਦਾ, ਕਲਮਾ ਪੜ੍ਹਨਾ ਪੈਂਦਾ ਹੈ।
ਜਿੱਥੇ ਪ੍ਰੇਮ-ਪਿਆਰ ਨਾ ਹੱਸੇ
ਵੇ ਚੰਨਾ, ਲਿਸ਼ਕਾਂ ਮੇਰੇ 'ਤੇ ਨਾ ਤੂੰ, ਐਦਾਂ ਮਾਰ ਅੜਿਆ
ਮੇਰੇ ਪਿਆਰ ਦੀ ਰਮਜ਼ ਨੂੰ ਨਾ ਤੂੰ, ਐਦਾਂ ਤਾੜ ਅੜਿਆ
ਗੋਰੇ ਬੱਦਲਾਂ ਦੀ ਬੁੱਕਲ ਦੀ ਲੈ ਨਾ, ਐਦਾਂ ਆੜ ਅੜਿਆ
ਮੇਰੇ ਦਿਲ ਦੀਆਂ ਸੱਧਰਾਂ ਦਾ ਨਾ ਕਰ, ਖਿਲਵਾੜ ਅੜਿਆ
ਇਕਰਾਰ ਪੁਗਾਉਣਾ ਪੈਂਦਾ ਹੈ, ਝਨਾਂ 'ਚ ਰੁੜ੍ਹਨਾ ਪੈਂਦਾ ਹੈ।
ਇੱਕ ਵਾਰ ਜੇ ਠਿੱਲ੍ਹ ਪਏ ਫਿਰ, ਕਦੇ ਨਾ ਮੁੜਨਾ ਪੈਂਦਾ ਹੈ।
ਯਾਰ ਦੀ ਖ਼ਾਤਰ ਗ਼ਮਾਂ ਦੀ, ਕੜਾਹੀ 'ਚ ਕੜ੍ਹਨਾ ਪੈਂਦਾ ਹੈ।
ਸੱਜਣ ਜੀ, ਪਿਆਰ 'ਚ ਮਰਨਾ ਪੈਂਦਾ ਹੈ
ਤੇ ਸੂਲੀ 'ਤੇ ਚੜ੍ਹਨਾ ਪੈਂਦਾ ਹੈ।
ਵੇ ਚੰਨਾ, ਤੇਰੀ ਮਿਲਣੀ ਦੀ ਬਰਕਤ, ਮੈਂ ਤਾਂ ਦੇਖ ਲਈ
ਤੇਰੇ ਬੁੱਲ੍ਹਾਂ 'ਤੇ ਖਿੜਦੀ ਨਫ਼ਰਤ ਵੀ, ਮੈਂ ਤਾਂ ਦੇਖ ਲਈ
ਮੇਰੇ ਦਿਲ ਦੀ ਵਹਿਸ਼ਤ ਮਿੱਤਰਾ ਤੂੰ, ਵੀ ਤਾਂ ਦੇਖ ਲਈ
ਵਿਲਕਦੀ ਬੇਨੂਰੀ ਅਧੂਰੀ ਮੁਹੱਬਤ ਵੀ, ਤੂੰ ਦੇਖ ਲਈ
ਸੱਚ ਤਾਂ ਕਹਿਣਾ ਪੈਂਦਾ ਹੈ, ਪਿਆਰ ਬੁੱਤ ਨੂੰ ਕਰਨਾ ਪੈਂਦਾ ਹੈ।
ਹਰ ਨਖ਼ਰਾ ਝੱਲਣਾ ਪੈਂਦਾ ਹੈ, ਹਰ ਅਦਾ 'ਤੇ ਮਰਨਾ ਪੈਂਦਾ ਹੈ।
ਯਾਰ ਦੀ ਖ਼ਾਤਰ ਗ਼ਮਾਂ ਨੂੰ, 'ਸੁਰਜੀਤ' ਹੱਸ ਸਹਿਣਾ ਪੈਂਦਾ ਹੈ।
ਸੱਜਣ ਜੀ, ਪਿਆਰ 'ਚ ਮਰਨਾ ਪੈਂਦਾ ਹੈ
ਤੇ ਸੂਲੀ 'ਤੇ ਚੜ੍ਹਨਾ ਪੈਂਦਾ ਹੈ।
ਜਿੱਥੇ ਪ੍ਰੇਮ-ਰਸ ਨਾ ਲੱਭੇ, ਬਿਰਹੋਂ ਹਰ ਪਲ ਮਨ ਨੂੰ ਡੱਸੇ
ਸਦਾ ਅੱਖਾਂ 'ਚ ਉਡੀਕਾਂ ਰੱਖੇ, 'ਤੇ ਵਿਸ਼ਵਾਸ ਬਣਾ ਕੇ ਵੱਸੇ
ਤਾਂ ਸੱਜਣ ਜੀ, ਪਿਆਰ 'ਚ ਮਰਨਾ ਪੈਂਦਾ ਹੈ
ਤੇ ਸੂਲੀ 'ਤੇ ਚੜ੍ਹਨਾ ਪੈਂਦਾ ਹੈ।
ਹਰ ਸਾਹ 'ਚ ਲੈ-ਲੈ ਨਾਂ ਉਹਦਾ, ਕਲਮਾ ਪੜ੍ਹਨਾ ਪੈਂਦਾ ਹੈ।



**ਸੁਰਜੀਤ ਸਿੰਘ ਭੁੱਲਰ**

# ਸੁਖ ਕਮਾਉਣ ਦੇ ਸਾਧਨ

ਕਿਸੇ ਬੰਦੇ ਨੂੰ ਸੁੱਖ ਦਿਓ
ਬਦਲੇ ਵਿੱਚ ਸੁੱਖ ਮਿਲਦਾ ਹੈ।
ਗੁਰੂ ਘਰ ਦੀ ਸੇਵਾ ਕਰੋ
ਬਦਲੇ ਵਿੱਚ ਸੁੱਖ ਮਿਲਦਾ ਹੈ।
ਈਸ਼ਵਰ ਦਾ ਭਜਨ ਕਰੋ
ਬਦਲੇ ਵਿੱਚ ਸੁੱਖ ਮਿਲਦਾ ਹੈ।
ਦਿਲ ਨਾਲ ਦੋਸਤੀ ਨਿਭਾਓ
ਬਦਲੇ ਵਿੱਚ ਸੁੱਖ ਮਿਲਦਾ ਹੈ।
ਭੁੱਖੇ ਬੰਦੇ ਨੂੰ ਰੋਟੀ ਖਵਾਓ
ਬਦਲੇ ਵਿੱਚ ਸੁੱਖ ਮਿਲਦਾ ਹੈ।
ਸਵੈ ਇਛੱਕ ਖ਼ੂਨ ਦਾਨ ਕਰੋ
ਬਦਲੇ ਵਿੱਚ ਸੁੱਖ ਮਿਲਦਾ ਹੈ।
ਭਟਕੇ ਹੋਏ ਨੂੰ ਰਾਹ ਦਿਖਾਓ
ਬਦਲੇ ਵਿੱਚ ਸੁੱਖ ਮਿਲਦਾ ਹੈ।
ਕਿਸੇ ਗਰੀਬ ਬੱਚੇ ਨੂੰ ਪੜਾਓ
ਬਦਲੇ ਵਿੱਚ ਸੁੱਖ ਮਿਲਦਾ ਹੈ।
ਆਪਣਾ ਕੰਮ ਇਮਾਨਦਾਰੀ ਨਾਲ ਕਰੋ
ਬਦਲੇ ਵਿੱਚ ਸੁੱਖ ਮਿਲਦਾ ਹੈ।
ਖਾਣ ਪੀਣ ਦਾ ਧਿਆਨ ਰੱਖੋ
ਬਦਲੇ ਵਿੱਚ ਸੁੱਖ ਮਿਲਦਾ ਹੈ।
ਆਪਣੇ ਕੰਮ ਨਾਲ ਕੰਮ ਰੱਖੋ
ਬਦਲੇ ਵਿੱਚ ਸੁੱਖ ਮਿਲਦਾ ਹੈ।
ਥਕਾਵਟ ਦੇ ਬਾਅਦ ਗੂੜੀ ਨੀਂਦ ਆਏ
ਬਾਅਦ ਵਿੱਚ ਬਹੁਤ ਸੁੱਖ ਮਿਲਦਾ ਹੈ।
ਔਲਾਦ ਆਗਿਆਕਾਰੀ ਹੋਵੇ
ਬਦਲੇ ਵਿੱਚ ਬਹੁਤ ਸੁੱਖ ਮਿਲਦਾ ਹੈ।
ਜੇਕਰ ਮਨ ਦੀ ਮੁਰਾਦ ਪੂਰੀ ਹੋ ਜਾਵੇ
ਬਦਲੇ ਵਿੱਚ ਬਹੁਤ ਸੁੱਖ ਮਿਲਦਾ ਹੈ।
ਜੇਕਰ ਪਤਨੀ ਚੰਗੀ ਮਿੱਤਰ ਹੋਵੇ
ਬਦਲੇ ਵਿੱਚ ਬਹੁਤ ਸੁੱਖ ਮਿਲਦਾ ਹੈ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ** 94 16 35 90 45



# ਹਲਕਾ ਬਲਾਚੌਰ 'ਚ ਆਮ ਆਦਮੀ ਪਾਰਟੀ ਨੂੰ ਮਿਲੀ ਵੱਡੀ ਮਜ਼ਬੂਤੀ: ਕੁੱਕੜਸੂਹਾ ਦੇ ਕਈ ਪਰਿਵਾਰ 'ਆਪ' 'ਚ ਸ਼ਾਮਿਲ

**ਬਲਾਚੌਰ, 18 ਜੂਨ (ਜਤਿੰਦਰ ਪਾਲ ਸਿੰਘ ਕਲੇਰ ):** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਅਤੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਅੱਜ ਪਿੰਡ ਕੁੱਕੜਸੂਹਾ ਵਿਖੇ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡੀ ਮਜ਼ਬੂਤੀ ਮਿਲੀ, ਜਦੋਂ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਵੱਲੋਂ ਕੀਤੀ ਗਈ 'ਲੋਕ ਮਿਲਣੀ' ਦੌਰਾਨ ਕਈ ਪਰਿਵਾਰ ਵਿਰੋਧੀ ਧਿਰਾਂ ਨੂੰ ਛੱਡ ਕੇ 'ਆਪ' ਪਰਿਵਾਰ ਵਿੱਚ ਸ਼ਾਮਿਲ ਹੋ ਗਏ।

ਵਿਧਾਇਕਾ ਸੰਤੋਸ਼ ਕਟਾਰੀਆ ਨੇ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਸਾਰੇ ਨਵੇਂ ਸਾਥੀਆਂ ਦਾ ਸਿਰੋਪਾਓ ਪਾ ਕੇ ਨਿੱਘਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਪਾਰਟੀ ਵਿੱਚ ਬਣਦਾ ਮਾਨ-ਸਨਮਾਨ ਦੇਣ ਦਾ ਪੂਰਾ ਭਰੋਸਾ ਦਿਵਾਇਆ।

ਪਿੰਡ ਕੁੱਕੜਸੂਹਾ ਵਿਖੇ ਹੋਏ ਇਸ ਪ੍ਰਭਾਵਸ਼ਾਲੀ ਇਕੱਠ ਦੌਰਾਨ ਵਿਰੋਧੀ ਧਿਰਾਂ ਨੂੰ ਅਲਵਿਦਾ ਕਹਿ ਕੇ 'ਆਪ' ਦਾ ਪੱਲਾ ਫੜਨ ਵਾਲੇ ਪ੍ਰਮੁੱਖ ਆਗੂਆਂ ਵਿੱਚ ਬੋਬੀ ਭੂੰਬਲਾ, ਨਿਤਿਨ ਭੂੰਬਲਾ, ਸੁਰੇਸ਼ ਕੁਮਾਰ ਰਾਣਾ, ਸੁਦੇਸ਼ ਕੁਮਾਰ, ਸੰਦੀਪ ਕੁਮਾਰ ਖੇਪੜ, ਰਾਜ ਕੁਮਾਰ ਰਾਜੀ, ਭੀਮ ਲਾਲ, ਰਿੰਕੂ ਕੁਮਾਰ, ਸੁਭਾਸ਼ ਲੰਬੜਦਾਰ, ਹੇਮ ਰਾਜ ਕਾਕਾ ਸ਼ਾਮਿਲ ਹਨ। ਇਨ੍ਹਾਂ ਸਾਰੇ ਆਗੂਆਂ ਦੇ ਨਾਲ ਉਨ੍ਹਾਂ ਦੇ ਦਰਜਨਾਂ ਸਾਥੀ ਵੀ ਰਸਮੀ ਤੌਰ 'ਤੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਕਿ,



"ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਜੀ ਦੀਆਂ ਲੋਕ-ਹਿੱਤੂ ਨੀਤੀਆਂ ਸਦਕਾ ਅੱਜ ਪੰਜਾਬ ਦਾ ਹਰ ਵਰਗ ਸਰਕਾਰ ਦੇ ਕੰਮਾਂ ਤੋਂ ਬੇਹੱਦ ਖੁਸ਼ ਹੈ। 'ਆਪ' ਪਰਿਵਾਰ ਵਿੱਚ ਸ਼ਾਮਿਲ ਹੋਏ ਸਾਰੇ ਨਵੇਂ ਸਾਥੀਆਂ ਦਾ ਮੈਂ ਦਿਲੋਂ ਸਵਾਗਤ ਕਰਦੀ ਹਾਂ। ਮੈਨੂੰ ਪੂਰੀ ਉਮੀਦ ਹੈ ਕਿ ਇਨ੍ਹਾਂ ਸਾਰੇ ਸਾਥੀਆਂ ਦੇ ਸਹਿਯੋਗ ਨਾਲ ਹਲਕੇ ਅੰਦਰ ਲੋਕ ਸੇਵਾ ਅਤੇ ਵਿਕਾਸ ਦਾ ਇਹ ਸਫ਼ਰ ਹੋਰ ਵੀ ਜ਼ਿਆਦਾ ਮਜ਼ਬੂਤ ਹੋਵੇਗਾ।"

ਇਸ ਦੌਰਾਨ ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਨੇ ਵੀ ਪਾਰਟੀ ਵਿੱਚ ਸ਼ਾਮਿਲ ਹੋਏ ਪਰਿਵਾਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ, "ਹਲਕਾ ਬਲਾਚੌਰ ਦਾ ਸਰਬਪੱਖੀ ਵਿਕਾਸ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਮੌਕੇ 'ਤੇ ਨਿਪਟਾਰਾ ਕਰਨਾ ਸਾਡੀ ਮੁੱਖ ਤਰਜੀਹ ਹੈ। ਅੱਜ ਪਿੰਡ ਕੁੱਕੜਸੂਹਾ ਦੇ ਮੋਹਤਬਰਾਂ ਵੱਲੋਂ ਪਾਰਟੀ 'ਤੇ ਜਿਤਾਇਆ ਗਿਆ ਇਹ ਭਰੋਸਾ ਇਸ ਗੱਲ ਦਾ ਸਬੂਤ ਹੈ ਕਿ ਲੋਕ ਰਵਾਇਤੀ ਪਾਰਟੀਆਂ ਦੀਆਂ ਨੀਤੀਆਂ ਤੋਂ ਤੰਗ ਆ ਚੁੱਕੇ ਹਨ ਅਤੇ ਹਲਕੇ ਵਿੱਚ ਹੋ ਰਹੇ ਰਿਕਾਰਡਤੋੜ ਵਿਕਾਸ ਕਾਰਜਾਂ ਦੇ ਨਾਲ ਖੜ੍ਹੇ ਹਨ।"

ਪਾਰਟੀ ਵਿੱਚ ਸ਼ਾਮਿਲ ਹੋਏ ਆਗੂਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿਧਾਇਕਾ ਸੰਤੋਸ਼ ਕਟਾਰੀਆ ਦੀ ਨਿਰਪੱਖ ਕਾਰਜਸ਼ੈਲੀ ਅਤੇ ਇਲਾਕੇ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜੇ ਹਨ। ਉਨ੍ਹਾਂ ਅੱਗੇ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਦਿਨ-ਰਾਤ ਮਿਹਨਤ ਕਰਨਗੇ ਅਤੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨਗੇ।ਇਸ ਪ੍ਰੋਗਰਾਮ ਦੌਰਾਨ ਪਿੰਡ ਦੇ ਹੋਰ ਵੀ ਕਈ ਪਤਵੰਤੇ ਸੱਜਣ, ਪਾਰਟੀ ਵਰਕਰ ਅਤੇ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਬਲਾਚੌਰ ਹਲਕੇ ਦੀਆਂ ਫੈਕਟਰੀਆਂ ਦੇ ਪ੍ਰਦੂਸ਼ਣ ਖਿਲਾਫ਼ ਵਿਧਾਇਕਾ ਸੰਤੋਸ਼ ਕਟਾਰੀਆ ਵੱਲੋਂ ਵੱਡੀ ਕਾਰਵਾਈ; ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਨੂੰ ਸੌਂਪਿਆ ਸ਼ਿਕਾਇਤ ਪੱਤਰ

**ਨਵਾਂ ਸ਼ਹਿਰ, 20 ਜੂਨ (ਜਤਿੰਦਰ ਪਾਲ ਸਿੰਘ ਕਲੇਰ)** : ਹਲਕਾ ਬਲਾਚੌਰ ਦੇ ਅਧੀਨ ਆਉਂਦੇ ਸਨਅਤੀ ਖੇਤਰ ਟੌਂਸਾ ਅਤੇ ਰੈਲਮਾਜਰਾ ਵਿੱਚ ਸਥਿਤ ਫੈਕਟਰੀਆਂ ਵੱਲੋਂ ਫੈਲਾਏ ਜਾ ਰਹੇ ਪ੍ਰਦੂਸ਼ਣ ਦਾ ਮੁੱਦਾ ਇੱਕ ਵਾਰ ਫਿਰ ਗਰਮਾ ਗਿਆ ਹੈ। ਇਸ ਸਬੰਧੀ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਅਤੇ ਉਹਨਾਂ ਦੇ ਸਪੁੱਤਰ ਕਰਨਵੀਰ ਕਟਾਰੀਆ ਨੇ ਅੱਜ ਵਿਸ਼ੇਸ਼ ਤੌਰ 'ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਰੀਨਾ ਗੁਪਤਾ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਹਨਾਂ ਨੇ ਹਲਕੇ ਦੀਆਂ ਫੈਕਟਰੀਆਂ ਵੱਲੋਂ ਹਵਾ ਅਤੇ ਪਾਣੀ ਨੂੰ ਕੀਤੇ ਜਾ ਰਹੇ ਭਾਰੀ ਪ੍ਰਦੂਸ਼ਣ ਸਬੰਧੀ ਇੱਕ ਲਿਖਤੀ ਸ਼ਿਕਾਇਤ ਪੱਤਰ ਸੌਂਪਿਆ।

ਇੱਥੇ ਇਹ ਜ਼ਿਕਰਯੋਗ ਹੈ ਕਿ ਇਸ ਉਦਯੋਗਿਕ ਖੇਤਰ ਦੀਆਂ ਫੈਕਟਰੀਆਂ ਦੇ ਪ੍ਰਦੂਸ਼ਣ ਨੂੰ ਲੈ ਕੇ ਪਹਿਲਾਂ ਵੀ ਕਈ ਵਾਰ ਮਸਲੇ ਉੱਠਦੇ ਰਹੇ ਹਨ ਅਤੇ



ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਇਸ ਮੁੱਦੇ ਨੂੰ ਚੁੱਕਿਆ ਜਾਂਦਾ ਰਿਹਾ ਹੈ। ਅੱਜ ਇਸੇ ਲੜੀ ਤਹਿਤ ਹਲਕਾ ਵਿਧਾਇਕਾ ਵੱਲੋਂ ਖੁਦ ਇਸ ਗੰਭੀਰ ਮਾਮਲੇ ਵਿੱਚ ਦਖਲ ਦਿੰਦਿਆਂ ਉੱਚ ਅਧਿਕਾਰੀਆਂ ਨਾਲ ਰਾਬਤਾ ਕਾਇਮ ਕੀਤਾ ਗਿਆ ਹੈ।ਮੁਲਾਕਾਤ ਦੌਰਾਨ ਵਿਧਾਇਕਾ ਸੰਤੋਸ਼ ਕਟਾਰੀਆ ਅਤੇ ਕਰਨਵੀਰ ਕਟਾਰੀਆ ਨੇ ਚੇਅਰਪਰਸਨ ਰੀਨਾ ਗੁਪਤਾ ਕੋਲੋਂ ਮੰਗ ਕੀਤੀ ਕਿ ਇਲਾਕੇ ਦੇ ਲੋਕਾਂ ਦੀ ਸਿਹਤ ਅਤੇ ਵਾਤਾਵਰਣ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਇਸ ਪ੍ਰਦੂਸ਼ਣ ਖ਼ਿਲਾਫ਼ ਤੁਰੰਤ ਢੁੱਕਵੇਂ ਅਤੇ ਸਖ਼ਤ ਕਦਮ ਚੁੱਕੇ ਜਾਣ। ਉਹਨਾਂ ਸਾਫ਼ ਤੌਰ 'ਤੇ ਆਖਿਆ ਕਿ ਹਲਕੇ ਦੇ ਲੋਕਾਂ ਨੂੰ ਸਾਫ਼-ਸੁਥਰਾ ਵਾਤਾਵਰਣ ਮੁਹੱਈਆ ਕਰਵਾਉਣਾ ਅਤੇ ਉਹਨਾਂ ਦੀ ਭਲਾਈ ਕਰਨਾ ਸਾਡੀ ਸਭ ਤੋਂ ਪਹਿਲੀ ਤਰਜੀਹ ਹੈ, ਜਿਸ ਨਾਲ ਕਿਸੇ ਵੀ ਕੀਮਤ 'ਤੇ ਸਮਝੌਤਾ ਨਹੀਂ ਕੀਤਾ ਜਾਵੇਗਾ।

# ਸੰਗਰੂਰ ਅਪਰੇਸ਼ਨਲ ਏਰੀਏ ਵਿੱਚ ਡੀ ਐਸ ਏ ਅਤੇ ਭਾਰਤ ਨੈੱਟ ਉੱਦਮੀ ਬੀਐਸਐਨਐਲ ਫਰੈਂਚਾਇਜ਼ੀ ਬਣਨ ਲਈ ਨਾਮਾਂਕਣ ਸਕੀਮਾਂ ਚ ਸ਼ਾਮਿਲ ਹੋਣ ਲਈ ਮੁਹਿੰਮ ਸ਼ੁਰੂ

**ਸੰਗਰੂਰ 19 ਜੂਨ**

ਸੰਗਰੂਰ ਅਪਰੇਸ਼ਨਲ ਏਰੀਆ ਡੀਐਸਏ ਅਤੇ ਭਾਰਤਨੈਟ ਉੱਦਮੀ ਨਾਮਾਂਕਣ ਸਕੀਮਾਂ ਸਬੰਧੀ ਰਾਜ ਪਾਲ ਡੀ.ਜੀ.ਐਮ (ਅਪਰੇਸ਼ਨ) ਸੰਗਰੂਰ ਆਪਰੇਸ਼ਨਲ ਏਰੀਆ ਨੇ ਇਹ ਜਾਣਕਾਰੀ ਦਿੱਤੀ ਹੈ ਕਿ ਬੀਐਸਐਨਐਲ ਸੰਗਰੂਰ ਅਪ੍ਰੇਸ਼ਨਲ ਏਰੀਆ ਜ਼ਿਲ੍ਹਾ-ਸੰਗਰੂਰ, ਬਰਨਾਲਾ, ਮਲੇਰਕੋਟਲਾ ਨੇ ਸਥਾਨਕ ਦੁਕਾਨਦਾਰਾਂ, ਮੋਬਾਈਲ ਰਿਟੇਲਰਾਂ, ਸੀਐਸਸੀ ਆਪਰੇਟਰਾਂ ਅਤੇ ਉੱਦਮੀਆਂ ਨੂੰ ਡਾਇਰੈਕਟ ਸੇਲਿੰਗ ਏਜੰਟਾਂ (ਡੀਐਸਏ) / ਭਾਰਤਨੈਟ ਉਦਮੀ/ਬੀਐਸਐਨਐਲ ਫਰੈਂਚਾਇਜ਼ੀ ਭਾਰਤ ਫਾਈਬਰ ਸੈਗਮੈਂਟ ਵਜੋਂ ਆਪਣੇ ਰਿਟੇਲ ਨੈੱਟਵਰਕ ਵਿੱਚ ਸ਼ਾਮਲ ਹੋਣ ਲਈ ਮੁਹਿੰਮ ਸ਼ੁਰੂ ਕੀਤੀ ਗਈ ਹੈ।

ਇਸ ਸਬੰਧੀ ਦੱਸਦਿਆਂ ਏ ਜੀ ਐਮ ਸੁਖਜਿੰਦਰ ਸਿੰਘ, ਐਸ ਡੀ ਓ ਮਹਿੰਦਰ ਸਿੰਘ ਨੇ ਕਿਹਾ ਕਿ ਬੀਐਸਐਨਐਲ ਦੇ ਸਵਦੇਸ਼ੀ 4ਜੀ ਨੈੱਟਵਰਕ ਦੇ ਵਿਸਥਾਰ ਦੇ ਨਾਲ, ਡੀਐਸਏ ਬੀਐਸਐਨਐਲ ਸਿਮ ਕਾਰਡ ਵੇਚ ਕੇ, ਮੋਬਾਈਲ ਨੰਬਰ ਪੋਰਟੇਬਿਲਟੀ (ਐਮਐਨਪੀ) ਦੀ ਸਹੂਲਤ ਦੇ ਕੇ, ਅਤੇ ਪ੍ਰੀਪੇਡ ਰੀਚਾਰਜ ਕਰਕੇ ਖਿੱਚ ਭਰਪੂਰ ਕਮਿਸ਼ਨ ਕਮਾ ਸਕਦੇ ਹਨ। ਇਸ ਲਈ ਜੋ ਵੀ ਡੀਐਸਏ ਬਣਨਾ ਚਾਹੁੰਦੇ ਨੇ ਉਹ ਆਪਣੇ ਨਜ਼ਦੀਕੀ ਬੀਐਸਐਨਐਲ ਦਫਤਰ ਜਾਂ ਗਾਹਕ ਸੇਵਾ ਕੇਂਦਰ (ਸੀਐਸਸੀ) 'ਤੇ ਜਾ ਕੇ ਨਾਮਾਂਕਣ ਕਰ ਸਕਦੇ ਹਨ। ਨਾਮਾਂਕਣ ਦੌਰਾਨ ਕਿਸੇ ਵੀ ਜਾਣਕਾਰੀ ਲਈ JTO (Sales & Markeitng), (01672-222567,9478710090) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਬੀਐਸਐਨਐਲ ਭਾਰਤਨੈੱਟ ਰਾਹੀਂ ਪੇਂਡੂ ਬ੍ਰਾਡਬੈਂਡ ਕਨੈਕਟੀਵਿਟੀ ਨੂੰ ਵੀ ਮਜ਼ਬੂਤ ਕਰ ਰਿਹਾ ਹੈ। ਪੇਂਡੂ ਖੇਤਰਾਂ ਵਿੱਚ




ਭਾਰਤਨੈੱਟ ਗਾਹਕ WAVES OTT ਸਮੱਗਰੀ ਅਤੇ 400 ਤੋਂ ਵੱਧ ਲਾਈਵ ਟੀਵੀ ਚੈਨਲਾਂ ਤੱਕ ਮੁਫ਼ਤ ਪਹੁੰਚ ਪ੍ਰਾਪਤ ਕਰ ਸਕਦੇ ਹਨ। ਬੀਐਸਐਨਐਲ ਸੀਮਤ ਸਮੇਂ ਲਈ ਡਿਸਕਨੈਕਟ ਕੀਤੇ ਨੰਬਰਾਂ ਨੂੰ ਦੁਬਾਰਾ ਜੋੜਨ ਲਈ ਬਹੁਤ ਸਾਰੇ ਐਡ-ਆਨ ਪਲਾਨ ਅਤੇ ਆਕਰਸ਼ਕ "ਘਰ ਵਾਪਸੀ" ਪਲਾਨ ਵੀ ਪੇਸ਼ ਕਰ ਰਿਹਾ ਹੈ। ਭਾਰਤ ਫਾਈਬਰ FTTH ਸੇਵਾਵਾਂ (ਆਨਲਾਈਨ ਪਾਰਟਨਰ ਆਨਬੋਰਡਿੰਗ ਸਿਸਟਮ) 'ਤੇ ਜਾ ਕੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

**ਸੁਰਿੰਦਰ ਪਾਲ**
**ਸੇਵਾ ਨਿਵਿਰਤ ਐਸਡੀਓ**
**9417001125**

# ਝੂਠ ਦੇ ਕਾਲੇ ਬੱਦਲ ਤੇ ਪੰਥ ਦੀ ਬਰਬਾਦੀ

ਹਾੜ੍ਹ ਦੀ ਲੂ ਚੱਲੇ, ਜੇਠ ਦੀ ਧੁੱਪ ਸਿਰ ’ਤੇ ਪਵੇ, ਤੇ ਅਸਮਾਨ ’ਤੇ ਕਾਲੇ ਬੱਦਲ ਘਿਰ ਆਉਣ, ਤਾਂ ਹਰ ਕਿਸਾਨ ਨੂੰ ਜਾਪਦਾ ਹੈ ਕਿ ਹੁਣ ਰੱਬ ਮਿਹਰ ਕਰੂ, ਖੇਤਾਂ ਨੂੰ ਪਾਣੀ ਮਿਲੂ। ਪਰ ਜੇ ਉਹ ਬੱਦਲ ਗਰਜ ਕੇ, ਬਿਨਾਂ ਵਰ੍ਹਿਆਂ ਹੀ ਲੰਘ ਜਾਣ, ਤਾਂ ਸਿਵਾਏ ਧੋਖੇ ਦੇ ਹੋਰ ਕੁਝ ਪੱਲੇ ਨਹੀਂ ਪੈਂਦਾ। ਬੱਸ ਇਵੇਂ ਹੀ ਇੱਕ ਹੋਰ ਬੱਦਲ ਸਾਡੇ ਪੰਥ ਦੇ ਸਿਰ ’ਤੇ ਮੰਡਰਾ ਰਿਹਾ ਹੈ, ‘ਬਾਦਲ ਲਾਣੇ’ ਦਾ ਬੱਦਲ। ਇਹ ਉਹ ਬੱਦਲ ਹੈ ਜੋ ਵਰ੍ਹਦਾ ਨਹੀਂ, ਸਿਰਫ਼ ਛਾਂ ਕਰਦਾ ਹੈ, ਹਨੇਰਾ ਕਰਦਾ ਹੈ। ਇੱਕ ਵੇਲਾ ਆਊ ਜਦੋਂ ਆਪਣੇ ਆਪ ਨੂੰ ‘ਪੰਥ ਦੇ ਸੁਹਿਰਦ’ ਕਹਾਉਣ ਵਾਲੇ ਭਾਈਆਂ ਦੀਆਂ ਅੱਖਾਂ ’ਚੋਂ ਇਹ ਝੂਠ ਦੀ ਧੁੰਦ ਲਹਿ ਜਾਊ। ਉਸ ਦਿਨ ਉਹਨਾਂ ਨੂੰ ਸਮਝ ਆਊ ਕਿ ਪੁਰਾਣੇ ਵੇਲਿਆਂ ਦੇ ਮਸੰਦਾਂ ਨੇ ਵੀ ਪੰਥ ਦਾ ਐਨਾ ਘਾਣ ਨਹੀਂ ਸੀ ਕੀਤਾ, ਜਿੰਨਾ ਇਹਨਾਂ ‘ਬਾਦਲਾਂ’ ਨੇ ਕਰ ਦਿੱਤਾ। ਮਸੰਦ ਤਾਂ ਗੁਰੂ ਘਰ ਦੀ ਗੋਲਕ ਖਾਂਦੇ ਸੀ, ਪਰ ਇਹ ਤਾਂ ਪੂਰਾ ਗੁਰੂ ਘਰ ਹੀ ਹੜੱਪ ਕਰਨ ’ਤੇ ਤੁਲੇ ਹੋਏ ਨੇ। ਉਸ ਵੇਲੇ ਸਿਰਫ਼ ਹੱਥ ਮਲਣ ਤੋਂ ਬਿਨਾਂ ਕੁਝ ਨਹੀਂ ਬਚਣਾ। ਬੱਸ ਆਖਣਗੇ, “ਹਾਇ ਸੱਪ ਲੰਘ ਗਿਆ, ਹੁਣ ਲਕੀਰ ਕੁੱਟੀ ਜਾਈਏ”। ਪਰ ਉਦੋਂ ਕੀ ਫਾਇਦਾ? ਭਾਈਓ, ਅਜੇ ਵੀ ਵੇਲਾ ਹੈ। ਜਦੋਂ ਤੱਕ ਚਿੜੀਆਂ ਨੇ ਸਾਰਾ ਖੇਤ ਨਹੀਂ ਚੁਗ ਲਿਆ, ਜਦੋਂ ਤੱਕ ਇਹ ਬਾਦਲਾਂ ਰੂਪੀ ਸਿਉਂਕ ਪੰਥ ਦੀ ਜੜ੍ਹ ਨੂੰ ਖੋਖਲਾ ਕਰਕੇ ਸੁੱਟ ਨਹੀਂ ਦਿੰਦੀ, ਉਦੋਂ ਤੱਕ ਸੰਭਲ ਜਾਓ। ਇਹ ‘ਬਾਦਲ ਲਾਣਾ’ ਪੰਥ ਲਈ ਕੋਈ ਰਹਿਮਤ ਦਾ ਮੀਂਹ ਨਹੀਂ, ਇਹ ਤਾਂ ਗੜਿਆਂ ਦੀ ਵਾਛੜ ਹੈ ਜੋ ਸਾਡੀ ਸਦੀਆਂ ਦੀ ਕਮਾਈ ਫਸਲ ਤਬਾਹ ਕਰ ਰਹੀ ਹੈ। ਇੱਕ ਵੇਲਾ ਸੀ ਜਦੋਂ ਪਿੰਡ ਦੀ ਸੱਥ ’ਚ ਬੈਠਾ ਬਜ਼ੁਰਗ ਕਹਿੰਦਾ ਹੁੰਦਾ ਸੀ, “ਪੁੱਤ, ਸ਼੍ਰੋਮਣੀ ਕਮੇਟੀ ਤਾਂ ਸਿੱਖਾਂ ਦੀ ਸੰਸਦ ਹੈ, ਸਾਡੀ ਪੱਗ ਹੈ”। ਅੱਜ ਉਸੇ ਪੱਗ ਨੂੰ ਇੱਕ ਟੱਬਰ ਨੇ ਆਪਣੇ ਘਰ ਦੀ ਜੁੱਤੀ ਬਣਾ ਕੇ ਰੱਖ ਲਿਆ। ਜਿੱਥੇ ਗੁਰੂ ਦੇ ਸਿੰਘ ਬੈਠ ਕੇ ਪੰਥ ਦੇ ਭਲੇ ਦੀਆਂ ਵਾਟਾਂ ਪਾਉਂਦੇ ਸੀ, ਅੱਜ ਉੱਥੇ ਦਿੱਲੀ ਵਾਲਿਆਂ ਦੇ ਇਸ਼ਾਰਿਆਂ ’ਤੇ ਮਤੇ ਪਾਸ ਹੁੰਦੇ ਨੇ। ਗੁਰੂ ਘਰ ਦੇ ਖਜ਼ਾਨੇ ਨੂੰ ਆਪਣੇ ਚੋਣ-ਜਲਸਿਆਂ ਦਾ ਖਰਚਾ ਸਮਝ ਲਿਆ। ਜਿਹੜੇ ਜਥੇਦਾਰ ਕੌਮ ਦੇ ਰਾਖੇ ਹੁੰਦੇ ਸੀ, ਉਹ ਅੱਜ ਇੱਕ ਪਰਿਵਾਰ ਦੇ ਨੌਕਰ ਬਣ ਕੇ ਰਹਿ ਗਏ। ਪਿੰਡ ਦਾ ਇੱਕ ਅਨਪੜ੍ਹ ਬੰਦਾ ਵੀ ਜਾਣਦਾ ਹੈ ਕਿ ਜੇ ਖੂਹ ’ਤੇ ਵਗ ਪੈ ਜਾਵੇ ਤਾਂ ਪੂਰਾ ਪਿੰਡ ਪਿਆਸਾ ਮਰ ਜਾਵੇਗਾ। ਅੱਜ ਸਾਡੀ ਸ਼੍ਰੋਮਣੀ ਕਮੇਟੀ ਰੂਪੀ ਖੂਹ ’ਤੇ ‘ਬਾਦਲ’ ਨਾਂ ਦੀ ਵਗ ਪਈ ਹੋਈ ਹੈ। ਇਸ ਦਾ ਪਾਣੀ ਹੁਣ ਪੰਥ ਦੀ ਪਿਆਸ ਨਹੀਂ ਬੁਝਾਉਂਦਾ, ਸਗੋਂ ਲੋਕਾਂ ਨੂੰ ਜ਼ਹਿਰ ਪਿਆ ਰਿਹਾ ਹੈ। ਇਹ ਜ਼ਹਿਰ ਹੈ ਭਾਈ-ਭਤੀਜਾਵਾਦ ਦਾ, ਇਹ ਜ਼ਹਿਰ ਹੈ ਕੁਰਸੀ ਦੇ ਲਾਲਚ ਦਾ, ਇਹ ਜ਼ਹਿਰ ਹੈ ਦਿੱਲੀ ਦੀ ਜੀ-ਹਜ਼ੂਰੀ ਦਾ। ਸੁਹਿਰਦ ਲੋਕੋ, ਤੁਸੀਂ ਜੋ ਗੁਰਦੁਆਰਿਆਂ ’ਚ ਲੰਗਰ ਛਕਦੇ ਹੋ, ਜੋ ਨਗਰ ਕੀਰਤਨ ’ਚ ਅੱਗੇ ਲੱਗ ਕੇ ਚੱਲਦੇ ਹੋ, ਜੋ ਪੰਥ ਦੇ ਦਰਦ ਨੂੰ ਆਪਣਾ ਦਰਦ ਸਮਝਦੇ ਹੋ, ਤੁਹਾਡੇ ਮੋਢਿਆਂ ’ਤੇ ਹੁਣ ਵੱਡੀ ਜ਼ਿੰਮੇਵਾਰੀ ਹੈ। ਚੁੱਪ ਕਰਕੇ ਤਮਾਸ਼ਾ ਵੇਖਣ ਦਾ ਵੇਲਾ ਲੰਘ ਗਿਆ। ਜੇ ਅੱਜ ਨਾ ਬੋਲੇ, ਤਾਂ ਕੱਲ੍ਹ ਨੂੰ ਇਤਿਹਾਸ ਸਾਨੂੰ ਮੁਆਫ਼ ਨਹੀਂ ਕਰੂਗਾ। ਸਾਡੀਆਂ ਆਉਣ ਵਾਲੀਆਂ ਨਸਲਾਂ ਸਾਨੂੰ ਸਵਾਲ ਕਰਨਗੀਆਂ ਕਿ ਜਦੋਂ ਪੰਥ ਲੁੱਟਿਆ ਜਾ ਰਿਹਾ ਸੀ, ਤੁਸੀਂ ਕਿੱਥੇ ਸੀ? ਹੱਲ ਕੀ ਹੈ? ਹੱਲ ਇੱਕੋ ਹੈ। ਸਾਰੇ ਸੁਹਿਰਦ ਸਿੱਖ, ਭਾਵੇਂ ਉਹ ਕਿਸੇ ਵੀ ਜਥੇਬੰਦੀ ਨਾਲ ਸਬੰਧ ਰੱਖਦੇ ਹੋਣ, ਇੱਕ ਜਗ੍ਹਾ ਇਕੱਠੇ ਹੋਣ। ਨਿੱਕੇ-ਮੋਟੇ ਵਖਰੇਵੇਂ ਭੁੱਲ ਕੇ, ਸਿਰਫ਼ ਇੱਕ ਨਿਸ਼ਾਨਾ ਮਿਥੋ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ‘ਬਾਦਲਾਂ’ ਦੇ ਪੰਜੇ ’ਚੋਂ ਛੁਡਾਉਣਾ। ਇਹ ਕੰਮ ਕਿਸੇ ਇੱਕ ਬੰਦੇ ਦਾ ਨਹੀਂ, ਇਹ ਪੂਰੇ ਪੰਥ ਦਾ ਕਾਰਜ ਹੈ। ਯਾਦ ਰੱਖੋ, ਜਦੋਂ ਪਿੰਡ ’ਤੇ ਡਾਕੂ ਪੈਂਦੇ ਸੀ ਤਾਂ ਸਾਰਾ ਪਿੰਡ ਇੱਕ ਹੋ ਕੇ ਲਲਕਾਰਾ ਮਾਰਦਾ ਸੀ। ਅੱਜ ਪੰਥ ’ਤੇ ਸਿਆਸੀ ਡਾਕੂ ਪਏ ਹੋਏ ਨੇ। ਇਹਨਾਂ ਨੇ ਸਾਡੀ ਗੁਰਮਤਿ ਦੀ ਸੋਚ ਲੁੱਟ ਲਈ, ਸਾਡੇ ਸਿਧਾਂਤ ਲੁੱਟ ਲਏ, ਸਾਡੇ ਗੌਰਵ ਨੂੰ ਮਿੱਟੀ ’ਚ ਰੋਲ ਦਿੱਤਾ। ਜੇ ਅਜੇ ਵੀ ਅਸੀਂ ਜਾਗ ਕੇ ਇਕੱਠੇ ਨਾ ਹੋਏ, ਤਾਂ ਫਿਰ ਪਛਤਾਉਣ ਤੋਂ ਬਿਨਾਂ ਕੁਝ ਨਹੀਂ ਬਚੇਗਾ। ਕਣਕ ਦੀ ਫਸਲ ਨੂੰ ਸਿਉਂਕ ਲੱਗ ਜਾਵੇ ਤਾਂ ਜਿਮੀਂਦਾਰ ਸਾਰੀ ਰਾਤ ਜਾਗ ਕੇ ਪਾਣੀ ਲਾਉਂਦਾ ਹੈ, ਦਵਾਈ ਛਿੜਕਦਾ ਹੈ। ਅੱਜ ਪੰਥ ਦੀ ਫਸਲ ਨੂੰ ‘ਬਾਦਲ’ ਸਿਉਂਕ ਲੱਗੀ ਹੋਈ ਹੈ। ਜਾਗੋ ਵੀਰੋ, ਜਾਗੋ ਭੈਣੋਂ। ਆਪਣੇ ਗੁਰੂ ਘਰਾਂ ਨੂੰ ਬਚਾਓ। ਆਪਣੇ ਜਥੇਦਾਰਾਂ ਦੀ ਦਸਤਾਰ ਨੂੰ ਬਚਾਓ। ਆਪਣੀ ਆਉਣ ਵਾਲੀ ਪੀੜ੍ਹੀ ਦਾ ਭਵਿੱਖ ਬਚਾਓ। ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਲੋਕ ਕਹਿਣ-ਗੇ, “ਪੰਥ ਮਰਿਆ ਨਹੀਂ, ਪੰਥ ਨੂੰ ਮਾਰਨ ਵਾਲੇ ਆਪਣੇ ਹੀ ਸੀ”। ਉਸ ਦਿਨ ਸਾਡੇ ਕੋਲ ਸਿਵਾਏ ਹੰਝੂ ਕੇਰਨ ਦੇ ਹੋਰ ਕੋਈ ਚਾਰਾ ਨਹੀਂ ਰਹਿਣਾ। ਇਸ ਲਈ ਬੇਨਤੀ ਹੈ, ਹੁਣੇ ਸੰਭਲ ਜਾਓ। ਸ਼੍ਰੋਮਣੀ ਕਮੇਟੀ ਕੋਈ ਜਾਇਦਾਦ ਨਹੀਂ, ਇਹ ਗੁਰੂ ਦੀ ਅਮਾਨਤ ਹੈ। ਇਸ ਨੂੰ ਇੱਕ ਟੱਬਰ ਦੀ ਗੁਲਾਮੀ ’ਚੋਂ ਕੱਢ ਕੇ ਫਿਰ ਤੋਂ ਪੰਥ ਦੇ ਸਪੁਰਦ ਕਰੋ। ਇਹੀ ਸੱਚੀ ਸੇਵਾ ਹੈ, ਇਹੀ ਅਸਲੀ ਪੰਥ-ਦਰਦ ਹੈ।



**ਗੁਰਜਿੰਦਰ ਸਿੰਘ ਸਾਹਦੜਾ**
9815302341

# ਪਾਣੀ ਤੋਂ ਬਗੈਰ

ਅੱਜ ਮਈ ਮਹੀਨੇ ਦੀ ਤੀਹ ਤਰੀਕ ਹੈ। ਸੂਰਜ ਦੀ ਤਿੱਖੀ ਧੁੱਪ ਪੈਣੀ ਸ਼ੁਰੂ ਹੋ ਗਈ ਹੈ। ਵੱਖ, ਵੱਖ ਪਿੰਡਾਂ ਤੋਂ ਵਿਦਿਆਰਥੀ ਆਪਣੇ ਸਾਈਕਲਾਂ ਤੇ ਸਕੂਲ ਪਹੁੰਚ ਰਹੇ ਹਨ। ਉਹ ਆਪਣੇ ਸਾਈਕਲ, ਸਾਈਕਲ ਸ਼ੈੱਡ ਵਿੱਚ ਖੜ੍ਹੇ ਕਰਕੇ ਆਪਣੇ ਬੈਗ ਲੈ ਕੇ ਆਪਣੇ, ਆਪਣੇ ਕਲਾਸ ਰੂਮਾਂ ਵੱਲ ਜਾ ਰਹੇ ਹਨ। ਪੰਜ ਮਿੰਟਾਂ ਬਾਅਦ ਸਕੂਲ ਲੱਗਣ ਦੀ ਘੰਟੀ ਵੱਜ ਗਈ। ਉਹ ਸਕੂਲ ਕੰਪਲੈਕਸ ਵਿੱਚ ਸਵੇਰ ਦੀ ਸਭਾ ਲਈ ਲਾਈਨਾਂ ਬਣਾ ਕੇ ਖੜ੍ਹ ਗਏ। ਪ੍ਰਾਰਥਨਾ ਖਤਮ ਹੋਣ ਪਿੱਛੋਂ ਸਕੂਲ ਦੇ ਡੀ. ਪੀ. ਈ. ਨੇ ਉਨ੍ਹਾਂ ਨੂੰ ਪੰਦਰਾਂ ਮਿੰਟਾਂ ਲਈ ਪੀ. ਟੀ. ਕਰਾਈ। ਸਾਰੇ ਵਿਦਿਆਰਥੀ ਪਸੀਨੋ-ਪਸੀਨੀ ਹੋ ਗਏ। ਸਕੂਲ ਦੇ ਮੁੱਖ ਅਧਿਆਪਕ ਦੇ ਮਨ ਵਿੱਚ ਪਤਾ ਨਹੀਂ ਕੀ ਆਇਆ, ਉਹ ਉਨ੍ਹਾਂ ਨੂੰ ਮੁਖਾਤਿਬ ਹੋ ਕੇ ਆਖਣ ਲੱਗਾ, "ਪਿਆਰੇ ਬੱਚਿਓ, ਭਾਵੇਂ ਅੱਜ ਕੱਲ੍ਹ ਗਰਮੀ ਬਹੁਤ ਪੈ ਰਹੀ ਆ, ਤੁਹਾਨੂੰ ਪਿਆਸ ਵੀ ਬਹੁਤ ਲੱਗਦੀ ਆ, ਪਰ ਤੁਸੀਂ ਘਰੋਂ ਸਵੇਰ ਦੀ ਰੋਟੀ ਖਾ ਕੇ ਤੇ ਪਾਣੀ ਪੀ ਕੇ ਆਉਂਦੇ ਹੋ। ਮੈਂ ਹਰ ਰੋਜ਼ ਵੇਖਦਾਂ ਸਕੂਲ ਲੱਗਦਾ ਮਗਰੋਂ ਆਂ, ਤੁਸੀਂ ਲਾਈਨਾਂ ਬੰਨ੍ਹ ਕੇ ਪਾਣੀ ਦੀ ਟੈਂਕੀ ਤੋਂ ਪਾਣੀ ਪੀਣ ਪਹਿਲਾਂ ਤੁਰੇ ਹੁੰਦੇ ਹੋ। ਕੀ ਤੁਸੀਂ ਅੱਧੀ ਛੁੱਟੀ ਹੋਣ ਤੱਕ ਪਾਣੀ ਤੋਂ ਬਗੈਰ ਨ੍ਹੀ ਰਹਿ ਸਕਦੇ? ਮੈਂ ਹਰ ਰੋਜ਼ ਵੇਖਦਾਂ, ਕੁਝ ਬੱਚੇ ਟੈਂਕੀ ਤੇ ਆ ਕੇ ਪੈਰ ਹੀ ਧੋਂਦੇ ਰਹਿੰਦੇ ਆ। ਬੱਚਿਓ, ਇਹ ਬੜੀ ਮਾੜੀ ਆਦਤ ਆ।"

ਮੁੱਖ ਅਧਿਆਪਕ ਹਾਲੇ ਮੁਸ਼ਕਿਲ ਨਾਲ ਪੰਜ ਮਿੰਟ ਹੀ ਬੋਲਿਆ ਸੀ ਕਿ ਉਹ ਧੁੱਪ ਵਿੱਚ ਖੜ੍ਹਾ

ਪਸੀਨੋ-ਪਸੀਨੀ ਹੋ ਗਿਆ ਤੇ ਆਪਣਾ ਭਾਸ਼ਨ ਛੇਤੀ ਨਾਲ ਖਤਮ ਕਰਦਾ ਹੋਇਆ ਸਕੂਲ ਦੇ ਪੀਅਨ ਨੂੰ ਆਖਣ ਲੱਗਾ, "ਅੱਜ ਤਾਂ ਗਰਮੀ ਬਹੁਤ ਆ। ਪਿੰਡਾਂ 'ਚ ਤਾਂ ਬਿਜਲੀ ਦਾ ਹਾਲ ਵੀ ਮਾੜਾ ਆ। ਬੱਸ ਸਾਰਾ ਦਿਨ ਪਸੀਨਾ ਆਂਦਾ ਰਹਿੰਦਾ ਆ। ਪਾਣੀ ਦਾ ਠੰਢਾ ਜਿਹਾ ਗਲਾਸ ਲਿਆ, ਜ਼ਰਾ ਦਿਲ ਨੂੰ ਚੈਨ ਜਹੀ ਆ ਜਾਵੇ।"

ਮੁੱਖ ਅਧਿਆਪਕ ਦੀਆਂ ਇਹ ਗੱਲਾਂ ਸੁਣ ਕੇ ਕੁਝ ਵਿਦਿਆਰਥੀ ਹੌਲੀ, ਹੌਲੀ ਹੱਸਣ ਲੱਗ ਪਏ, ਜਿਨ੍ਹਾਂ ਦੀ ਹਾਜ਼ਰੀ ਕਲਾਸ ਇਨਚਾਰਜ, ਸਕੂਲ ਕੰਪਲੈਕਸ ਵਿੱਚ ਲਗਾ ਰਹੇ ਸਨ।



**ਮਹਿੰਦਰ ਸਿੰਘ ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ-144526**
**ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ**
**ਫੋਨ 9915803554**

# ਨੀਲੀ ਸਕ੍ਰੀਨ ਦੇ ਯੁੱਗ ਵਿੱਚ ਗੁਆਚਾ ਸਕੂਨ: ਯੋਗ ਬਣਿਆ ਤਾਜ਼ੀ ਹਵਾ ਦਾ ਬੁੱਲ੍ਹਾ

ਪਰਦੇ ਦਾ ਨੀਲਾ ਚਾਨਣ, ਉਂਗਲਾਂ ਹੇਠ ਸਰਕਦੀ ਸਮਾਜਿਕ ਸੰਚਾਰ ਦੀ ਲੜੀ, ਕੰਮ ਦਾ ਲਗਾਤਾਰ ਦਬਾਅ ਅਤੇ ਹਮੇਸ਼ਾ ਅੱਗੇ ਲੰਘਣ ਦੀ ਦੌੜ — ਇਹ ਹੈ ਸਾਲ 2026 ਦੇ ਮਨੁੱਖ ਦੀ ਅਸਲ ਤਸਵੀਰ। ਅਸੀਂ ਤਰੱਕੀ ਤਾਂ ਬਹੁਤ ਕਰ ਲਈ, ਪਰ ਇਸ ਦੌੜ ਵਿੱਚ ਆਪਣਾ ਸਕੂਨ ਕਿਤੇ ਪਿੱਛੇ ਛੱਡ ਆਏ ਹਾਂ। ਇਸੇ ਗੁਆਚੇ ਹੋਏ ਸਕੂਨ ਅਤੇ ਸਿਹਤ ਦੀ ਸੰਭਾਲ 21 ਜੂਨ ਨੂੰ ਮਨਾਇਆ ਜਾ ਰਿਹਾ ‘ਕੌਮਾਂਤਰੀ ਯੋਗ ਦਿਵਸ’ ਕੋਈ ਸਰਕਾਰੀ ਰਸਮ ਨਹੀਂ, ਬਲਕਿ ਹਰ ਉਦਾਸ ਮਨ ਅਤੇ ਥੱਕੇ ਹੋਏ ਸਰੀਰ ਲਈ ਇੱਕ ਤਾਜ਼ਾ ਹਵਾ ਦਾ ਬੁੱਲ੍ਹਾ ਬਣ ਕੇ ਆ ਰਿਹਾ ਹੈ। ਯੋਗ ਕੇਵਲ ਸਰੀਰਕ ਕਸਰਤ ਨਹੀਂ, ਬਲਕਿ ਇਹ ਜੀਵਨ ਜਿਊਣ ਦੀ ਇੱਕ ਅਜਿਹੀ ਕਲਾ ਹੈ ਜੋ ਮਨੁੱਖ ਨੂੰ ਅੰਦਰੂਨੀ ਸ਼ਾਂਤੀ ਪ੍ਰਦਾਨ ਕਰਦੀ ਹੈ। ਆਮ ਤੌਰ 'ਤੇ ਲੋਕ ਸਮਝਦੇ ਹਨ ਕਿ ਸਵੇਰੇ ਉੱਠ ਕੇ ਯੋਗ ਲਈ ਚਟਾਈ ਵਿਛਾਉਣਾ ਅਤੇ ਸਰੀਰ ਨੂੰ ਔਖੇ ਆਸਣਾਂ ਵਿੱਚ ਮਰੋੜਨਾ ਹੀ ਯੋਗ ਹੈ। ਪਰ ਅਸਲ ਵਿੱਚ, ਯੋਗ ਇਸ ਤੋਂ ਕਿਤੇ ਵੱਧ ਹੈ, ਇਹ ਤੁਹਾਡੇ ਸਾਹ ਲੈਣ ਦੇ ਤਰੀਕੇ ਤੋਂ ਸ਼ੁਰੂ ਹੁੰਦਾ ਹੈ ਅਤੇ ਤੁਹਾਡੀ ਸੋਚ 'ਤੇ ਮੁੱਕਦਾ ਹੈ। ਅਜੋਕੇ ਮਸ਼ੀਨੀ ਜ਼ਮਾਨੇ ਵਿੱਚ, ਜਿੱਥੇ ਹਰ ਚੀਜ਼ ਨਕਲੀ ਹੁੰਦੀ ਜਾ ਰਹੀ ਹੈ, ਉੱਥੇ ਯੋਗ ਸਾਨੂੰ ਆਪਣੇ ਆਪ ਨਾਲ ਤੇ ਕੁਦਰਤ ਨਾਲ ਜੋੜਦਾ ਹੈ। ਇਹ ਸਾਨੂੰ ਸਿਖਾਉਂਦਾ ਹੈ ਕਿ ਜਦੋਂ ਬਾਹਰਲੀ ਦੁਨੀਆਂ ਵਿੱਚ ਬਹੁਤ ਜ਼ਿਆਦਾ ਸ਼ੋਰ ਹੋਵੇ, ਤਾਂ ਅੰਦਰੂਨੀ ਸ਼ਾਂਤੀ ਕਿਵੇਂ ਲੱਭਣੀ ਹੈ। ਇਸ ਵਾਰ ਦੇ ਯੋਗ ਦਿਵਸ ਦਾ ਸਭ ਤੋਂ ਅਹਿਮ ਅਤੇ ਖ਼ਾਸ ਪਹਿਲੂ "ਸਿਹਤਮੰਦ ਬੁਢਾਪੇ ਲਈ ਯੋਗ" ਦੀ ਸੂਤਰਵਸਤੂ ਹੈ। ਅਕਸਰ ਮੰਨਿਆ ਜਾਂਦਾ ਹੈ ਕਿ ਉਮਰ ਵਧਣ ਦੇ ਨਾਲ-ਨਾਲ ਸਰੀਰ ਦਾ ਕਮਜ਼ੋਰ ਹੋਣਾ ਅਤੇ ਬਿਮਾਰੀਆਂ ਦਾ ਘੇਰਨਾ ਲਾਜ਼ਮੀ ਹੈ, ਪਰ ਯੋਗ ਇਸ ਧਾਰਨਾ ਨੂੰ ਬਦਲਦਾ ਹੈ। ਵਧਦੀ ਉਮਰ ਦੇ ਲੋਕਾਂ ਲਈ ਯੋਗ ਕੇਵਲ ਇੱਕ ਕਸਰਤ ਨਹੀਂ, ਬਲਕਿ ਇੱਕ ਢਾਲ ਹੈ। ਇਹ ਜੋੜਾਂ ਦੇ ਦਰਦ ਤੋਂ ਰਾਹਤ ਦਿੰਦਾ ਹੈ ਤੇ ਹਲਕੇ ਆਸਣਾਂ ਰਾਹੀਂ ਗੋਡਿਆਂ ਅਤੇ ਜੋੜਾਂ ਦੀ ਲਚਕਤਾ ਬਣੀ ਰਹਿੰਦੀ ਹੈ। ਉਮਰ ਦੇ ਆਖਰੀ ਪੜਾਅ ਵਿੱਚ ਹੋਣ ਵਾਲੀ ਚਿੰਤਾ ਅਤੇ ਭੁੱਲਣ ਦੀ ਬਿਮਾਰੀ ਵਰਗੀਆਂ ਸਮੱਸਿਆਵਾਂ 'ਤੇ ਧਿਆਨ ਰਾਹੀਂ ਕਾਬੂ ਪਾਇਆ ਜਾ ਸਕਦਾ ਹੈ। ਰੋਜ਼ਾਨਾ ਪ੍ਰਾਣਾਯਾਮ ਕਰਨ ਨਾਲ ਸਰੀਰ ਵਿੱਚ ਊਰਜਾ ਦਾ ਸੰਚਾਰ ਹੁੰਦਾ ਹੈ, ਜਿਸ ਨਾਲ ਬਜ਼ੁਰਗ ਲੰਬੇ ਸਮੇਂ ਤੱਕ ਸਰੀਰਕ ਤੌਰ 'ਤੇ ਆਤਮ-ਨਿਰਭਰ ਰਹਿੰਦੇ ਹਨ। ਇਹ ਸੂਤਰਵਸਤੂ ਸਾਨੂੰ ਯਾਦ ਦਿਵਾਉਂਦੀ ਹੈ ਕਿ ਬੁਢਾਪਾ ਸਿਰਫ਼ ਉਮਰ ਦੀ ਗਿਣਤੀ ਹੈ, ਜੇਕਰ ਮਨ ਅਤੇ ਸਾਹ ਤੰਦਰੁਸਤ ਹਨ ਤਾਂ ਜੀਵਨ ਦਾ ਹਰ ਪੜਾਅ ਖ਼ੂਬਸੂਰਤ ਹੋ ਸਕਦਾ ਹੈ। ਕਦੇ ਸਮਾਂ ਸੀ ਜਦੋਂ ਯੋਗ ਨੂੰ ਸਿਰਫ਼ ਬਜ਼ੁਰਗਾਂ ਜਾਂ ਸਾਧੂ-ਸੰਤਾਂ ਦਾ ਕੰਮ ਮੰਨਿਆ ਜਾਂਦਾ ਸੀ। ਪਰ 2026 ਤੱਕ ਆਉਂਦੇ-ਆਉਂਦੇ ਇਹ ਧਾਰਨਾ ਬਿਲਕੁਲ ਬਦਲ ਚੁੱਕੀ ਹੈ। ਅੱਜ ਦਾ ਨੌਜਵਾਨ, ਜੋ ਚਿੰਤਾ ਅਤੇ ਉਦਾਸੀ ਵਰਗੇ ਸ਼ਬਦਾਂ ਨਾਲ ਰੋਜ਼ ਲੜਦਾ ਹੈ, ਉਹ ਹੁਣ ਯੋਗ ਵੱਲ ਬਹੁਤ ਤੇਜ਼ੀ ਨਾਲ ਆਕਰਸ਼ਿਤ ਹੋ ਰਿਹਾ ਹੈ। ਵੱਡੇ ਦਫ਼ਤਰਾਂ ਤੋਂ ਲੈ ਕੇ ਕਾਲਜ ਦੇ ਮੈਦਾਨ ਤੱਕ, ਲੋਕ ਹੁਣ ਸੁਚੇਤ ਰਹਿਣ ਅਤੇ ਪ੍ਰਾਣਾਯਾਮ ਨੂੰ ਆਪਣੀ ਰੋਜ਼ਾਨਾ ਜੀਵਨ ਸ਼ੈਲੀ ਦਾ ਹਿੱਸਾ ਬਣਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਵੀ ਹੁਣ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਮਾਨਸਿਕ ਸਿਹਤ ਨੂੰ ਤਰਜੀਹ ਦਿੰਦੇ ਹੋਏ, ਸੁਚੇਤਤਾ ਦੇ ਪ੍ਰੋਗਰਾਮ ਸੂਬੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਚਲਾਏ ਜਾ ਰਹੇ ਹਨ। ਇਹ ਸਿਰਫ਼ ਸਰੀਰ ਨੂੰ ਫਿੱਟ ਰੱਖਣ ਲਈ ਨਹੀਂ, ਬਲਕਿ ਦਿਮਾਗ ਨੂੰ ਸ਼ਾਂਤ ਰੱਖਣ ਦਾ ਇੱਕੋ-ਇੱਕ ਦੇਸੀ ਇਲਾਜ ਹੈ। ਇਸ ਵਾਰ ਸੂਬੇ ਭਰ ਵਿੱਚ ਯੋਗ ਦਿਵਸ ਨੂੰ ਲੈ ਕੇ ਤਿਆਰੀਆਂ ਰਵਾਇਤੀ ਤਰੀਕਿਆਂ ਤੋਂ ਹਟ ਕੇ ਕੀਤੀਆਂ ਜਾ ਰਹੀਆਂ ਹਨ। ਕੇਵਲ ਇੱਕ ਦਿਨ ਸਵੇਰੇ ਬਾਗ਼ ਵਿੱਚ ਇਕੱਠੇ ਹੋ ਕੇ ਤਸਵੀਰਾਂ ਖਿਚਵਾਉਣ ਦੀ ਬਜਾਏ, ਇਸ ਵਾਰ ਮੁਹਿੰਮ "ਹਰ ਘਰ ਯੋਗ, ਨਿਰੋਗ ਜੀਵਨ" ਦੇ ਸੰਕਲਪ 'ਤੇ ਆਧਾਰਿਤ ਹੈ। ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਸ਼ਹਿਰਾਂ ਦੇ ਮੁਹੱਲਿਆਂ ਤੱਕ ਅਜਿਹੇ ਜੱਥੇ ਬਣਾਏ ਜਾ ਰਹੇ ਹਨ, ਜੋ 21 ਜੂਨ ਤੋਂ ਬਾਅਦ ਵੀ ਪੂਰਾ ਸਾਲ ਇਸ ਅਭਿਆਸ ਨੂੰ ਜਾਰੀ ਰੱਖਣਗੇ। ਯੋਗ ਕਿਸੇ ਮਜ਼੍ਹਬ, ਜਾਤ ਜਾਂ ਉਮਰ ਦੀ ਹੱਦ ਵਿੱਚ ਨਹੀਂ ਬੱਝਿਆ ਹੋਇਆ। ਇਹ ਸਾਡੇ ਆਪਣੇ ਸਰੀਰ ਅਤੇ ਰੂਹ ਦੀ ਆਵਾਜ਼ ਹੈ। ਜੇਕਰ ਅਸੀਂ ਸੱਚਮੁੱਚ ਇੱਕ ਤੰਦਰੁਸਤ ਸਮਾਜ ਸਿਰਜਣਾ ਚਾਹੁੰਦੇ ਹਾਂ, ਤਾਂ ਸਾਨੂੰ ਦਵਾਈਆਂ ਦੇ ਡੱਬਿਆਂ ਤੋਂ ਮੁਕਤ ਹੋ ਕੇ ਕੁਦਰਤ ਦੇ ਇਸ ਮੁਫ਼ਤ ਅਤੇ ਅਨਮੋਲ ਤੋਹਫ਼ੇ ਨੂੰ ਅਪਣਾਉਣਾ ਹੀ ਪਵੇਗਾ। ਆਓ, ਅੰਤਰਰਾਸ਼ਟਰੀ ਯੋਗ ਦਿਵਸ 'ਤੇ ਸਿਰਫ਼ ਸ਼ਾਮਲ ਨਾ ਹੋਈਏ, ਬਲਕਿ ਇੱਕ ਨਵੀਂ ਜੀਵਨ ਸ਼ੈਲੀ ਦੀ ਸ਼ੁਰੂਆਤ ਕਰੀਏ।



**ਪਰਮਜੀਤ ਕੌਰ**
**ਮੁੱਖ ਅਧਿਆਪਕਾ**
**ਸਰਕਾਰੀ ਹਾਈ ਸਕੂਲ ਬੂਹੀ,**
**ਪਟਿਆਲਾ**

appg

All Party Parliamentary Group on
**Indian Traditional Sciences**

INTERNATIONAL DAY OF

# yoga

International Day of Yoga

## MONDAY 22ND JUNE 2026 • 5-7pm

THE HOUSE OF COMMONS • COMMITTEE ROOM NO 9
LONDON • SW1A 0AA

**We warmly invite you to join us at the Houses of Commons, London, in celebration of International Day of Yoga, proclaimed by the United Nations in 2014 and observed globally on 21st June each year.**

**Rooted in India's ancient spiritual tradition, yoga offers a holistic path to physical wellbeing, mental clarity and inner peace. This special gathering will honour the timeless wisdom of yoga and its message of harmony, unity and peace.**

### Zoom Meeting

https://lshtm.zoom.us/j/89547957365?p-wd=plb2xyHm11feClhEUf9NK1lVouJDH3.1

Meeting ID: 895 4795 7365

Password: 586304

RSVP by 12th June 2026
Amarjeet S. Bhamra • IndianSciences@hotmail.com

# ਜਿਲ੍ਹਾਂ ਕਾਂਗਰਸ ਕਮੇਟੀ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਚੰਡੀਗੜ੍ਹ ਭਾਜਪਾ ਪ੍ਰਧਾਨ ਦਾ ਫੂਕਿਆ ਗਿਆ ਪੁਤਲਾ

**ਬਲਾਚੌਰ 19 ਜੂਨ(ਜਤਿੰਦਰ ਪਾਲ ਸਿੰਘ ਕਲੇਰ )** ਚੰਡੀਗੜ੍ਹ ਭਾਜਪਾ ਪ੍ਰਧਾਨ ਜਤਿੰਦਰ ਪਾਲ ਮਲਹੋਤਰਾ ਵੱਲੋਂ ਪੰਜਾਬੀਆਂ ਬਾਰੇ ਕੀਤੀ ਗਈ ਅਪਮਾਨਜਨਕ ਟਿੱਪਣੀਆਂ ਵਿਰੁੱਧ ਅੱਜ ਸੈਂਕੜੇ ਕਾਂਗਰਸੀ ਵਰਕਰਾਂ ਨੇ ਵਿਸ਼ਾਲ ਨਵਾਂਸ਼ਹਿਰ ਵਿਖੇ ਵਿਰੋਧ ਪ੍ਰਦਰਸ਼ਨ ਕੀਤਾ। ਜ਼ਿਕਰਯੋਗ ਹੈ ਕਿ ਚੰਡੀਗੜ੍ਹ ਵਿੱਚ ਇੱਕ ਸਮਾਗਮ ਦੌਰਾਨ ਮਲਹੋਤਰਾ ਨੇ ਪੰਜਾਬੀਆਂ ਨੂੰ "ਭਾਵਨਾਤਮਕ ਖੂਨੀ ਮੂਰਖ" ਕਿਹਾ ਸੀ। ਇਸ ਮੌਕੇ ਕਾਂਗਰਸੀ ਵਰਕਰਾਂ ਨੇ ਭਾਜਪਾ ਅਤੇ ਚੰਡੀਗੜ੍ਹ ਭਾਜਪਾ ਆਗੂ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਇੱਕ ਰੋਸ ਮਾਰਚ ਕੱਢਿਆ। ਉਨ੍ਹਾਂ ਕਿਹਾ ਕਿ ਮਲਹੋਤਰਾ ਨੇ ਸੱਚਮੁੱਚ ਭਾਜਪਾ ਆਗੂਆਂ ਦੀ ਪੰਜਾਬੀਆਂ ਪ੍ਰਤੀ ਡੂੰਘੀ ਨਫ਼ਰਤ ਦਾ ਪਰਦਾਫਾਸ਼ ਕੀਤਾ ਹੈ। ਕਾਂਗਰਸ ਵਰਕਰਾਂ ਨੇ ਪੰਜਾਬ ਭਾਜਪਾ ਆਗੂਆਂ, ਖਾਸ ਕਰਕੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੂੰ ਪੁੱਛਿਆ ਕਿ ਕੀ ਉਹ ਮਲਹੋ-ਤਰਾ ਦੀਆਂ ਪੰਜਾਬੀਆਂ ਬਾਰੇ ਟਿੱਪਣੀਆਂ ਨਾਲ ਸਹਿਮਤ ਹਨ, ਜਿਨ੍ਹਾਂ ਵਿੱਚ ਉਹ ਖ਼ੁਦ ਵੀ ਸ਼ਾਮਲ ਹਨ। ਇਸ ਦੌਰਾਨ,



ਕਾਂਗਰਸੀ ਵਰਕਰਾਂ ਨੇ ਭਾਜਪਾ ਆਗੂ ਤੋਂ ਬਿਨਾਂ ਸ਼ਰਤ ਮੁਆਫ਼ੀ ਮੰਗਣ ਅਤੇ ਆਮ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਉਨ੍ਹਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ। ਇਸ ਮੌਕੇ ਰਾਜ ਕੁਮਾਰ ਜ਼ਿਲ੍ਹਾ ਪ੍ਰਧਾਨ ਸੇਵਾ ਦੱਲ, ਕਮਲਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ, ਬਲਵਿੰਦਰ ਭੂੰਬਲਾ ਮੀਤ ਪ੍ਰਧਾਨ ਡੀਸੀਸੀ. ਓਂਕਾਰ ਸਿੰਘ ਸਾਬਕਾ ਜ਼ਿਲ੍ਹਾ ਪ੍ਰਧਾਨ, ਸੁਭਾਸ਼ ਕੁਮਾਰ ਸਰਪੰਚ, ਹਰਭਜਨ ਸਿੰਘ ਭਰੋਲੀ, ਰਾਜ ਕੁਮਾਰ, ਅਵਤਾਰ ਚੰਦ, ਰਣਜੀਤ ਸਿੰਘ, ਓਂਕਾਰ ਸਿੰਘ, ਵਿਵੇਕ ਲੱਧਰ ਯੂਥ ਆਗੂ, ਸੁਨੀਲ ਕੁਮਾਰ, ਵਰਿੰਦਰ ਚੋਪੜਾ, ਅਖਿਲੇਸ਼ ਸ਼ਰਮਾ, ਰਮਨ ਕੁਮਾਰ, ਰਮੇਸ਼ ਕੁਮਾਰ ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।

# ਖਾਦਾਂ ਦੀ ਸੰਤੁਲਿਤ ਵਰਤੋਂ ਨਾ.ਲ ਘਟ ਸਕਦੇ ਹਨ ਖੇਤੀ ਖਰਚੇ - ਡਾ ਸੁੱਖੀ ਹਲਕਾ ਵਿਧਾਇਕ ਬੰਗਾ

## ਆਤਮਾ ਸਕੀਮ ਹੇਠ 'ਖੇਤ ਬਚਾਓ ਅਭਿਆਨ' ਤਹਿਤ ਜਾਗਰੂਕਤਾ ਕੈਂਪ

**ਨਵਾਂਸ਼ਹਿਰ /ਬੰਗਾ, 19 ਜੂਨ(ਜਤਿੰਦਰ ਪਾਲ ਸਿੰਘ ਕਲੇਰ )** ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ 'ਖੇਤ ਬਚਾਓ ਅਭਿਆਨ' ਤਹਿਤ ਬਲਾਕ ਬੰਗਾ ਵਿਖੇ ਖਾਦਾਂ ਦੀ ਸੰਤੁਲਿਤ ਵਰਤੋਂ ਸਬੰਧੀ ਆਤਮਾ ਸਕੀਮ ਤਹਿਤ ਵਿਸ਼ਾਲ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਦੇ ਮੁੱਖ ਮਹਿਮਾਨ ਹਲਕਾ ਵਿਧਾਇਕ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ ਸਨ। ਉਨ੍ਹਾਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਧਰਤੀ ਮਾਤਾ ਨੂੰ ਬਚਾਉਣਾ ਸਾਡਾ ਸਭ ਦਾ ਫਰਜ਼ ਹੈ। ਖਾਦਾਂ ਦੀ ਵੱਧ ਵਰਤੋਂ ਨਾਲ ਜ਼ਮੀਨ ਦੀ ਸਿਹਤ ਖਰਾਬ ਹੋ ਰਹੀ ਹੈ ਅਤੇ ਖਰਚੇ ਵਧ ਰਹੇ ਹਨ। ਉਨ੍ਹਾਂ ਕਿਸਾਨਾਂ ਨੂੰ ਮਿੱਟੀ ਪਰਖ ਦੇ ਆਧਾਰ 'ਤੇ ਹੀ ਖਾਦ ਪਾਉਣ ਅਤੇ ਕੁਦਰਤੀ ਖੇਤੀ ਅਪਣਾਉਣ ਦੀ ਅਪੀਲ ਕੀਤੀ। ਕੈਂਪ ਦੀ ਪ੍ਰਧਾਨਗੀ ਮੁੱਖ ਖੇਤੀਬਾੜੀ ਅਫਸਰ ਡਾ. ਲੇਖ ਰਾਜ ਨੇ ਕੀਤੀ। ਉਨ੍ਹਾਂ ਕਿਹਾ ਕਿ ਸੰਤੁਲਿਤ ਖਾਦ ਵਰਤੋਂ ਨਾਲ 15-20% ਤੱਕ ਖਰਚਾ ਘਟਾਇਆ ਜਾ ਸਕਦਾ ਹੈ ਅਤੇ ਝਾੜ ਵੀ ਵਧਦਾ ਹੈ।

*ਤਕਨੀਕੀ ਸੈਸ਼ਨ ਵਿੱਚ ਮਾਹਿਰਾਂ ਨੇ ਦਿੱਤੀ ਜਾਣਕਾਰੀ:*

- ਡਾ. ਕਮਲਦੀਪ ਸਿੰਘ, ਪੀ.ਡੀ. ਆਤਮਾ ਸਕੀਮ ਨੇ ਕੁਦਰਤੀ ਖੇਤੀ ਦੇ ਲਾਭ ਅਤੇ ਸਰਕਾਰੀ ਸਹਾਇਤਾ ਬਾਰੇ ਦੱਸਿਆ।
- ਡਾ. ਪ੍ਰਦੀਪ ਕੁਮਾਰ, ਕੇ.ਵੀ.ਕੇ. ਨੇ ਕੇ.ਵੀ.ਕੇ. ਸਕੀਮ ਅਧੀਨ ਮਿਲਦੀਆਂ ਸਹੂਲਤਾਂ ਬਾਰੇ ਜਾਣੂ ਕਰਵਾਇਆ।
- ਡਾ. ਵਿਜੇ ਮਹੇਸ਼ੀ ਨੇ ਨਵੇਂ ਖਾਦ ਪੋਰਟਲ ਅਤੇ ਕਿਸਾਨ ਐਪ ਦੀ ਵਰਤੋਂ ਕਰਕੇ ਖਾਦ ਖਰੀਦਣ ਦਾ ਤਰੀਕਾ ਸਮਝਾਇਆ।
- ਡਾ. ਲਛਮਣ ਦਾਸ, ਖੇਤੀਬਾੜੀ ਅਫਸਰ ਬੰਗਾ ਨੇ ਵਿਭਾਗ ਦੀਆਂ ਚੱਲ ਰਹੀਆਂ ਸਕੀਮਾਂ, ਸਬਸਿਡੀ ਅਤੇ ਮਿੱਟੀ ਪਰਖ ਸਹੂਲਤ ਬਾਰੇ





ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਤੇ ਸਟੇਜ ਦਾ ਸੰਚਾਲਨ ਸੁਰਿੰਦਰ ਪਾਲ ਸਿੰਘ, ਖੇਤੀ ਵਿਸਥਾਰ ਅਫਸਰ ਵੱਲੋਂ ਬਾਖੂਬੀ ਕੀਤਾ ਗਿਆ। ਹੋਰ ਬੁਲਾਰੇ ਵਜੋਂ ਸ੍ਰੀ ਸੋਹਣ ਲਾਲ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਸ੍ਰੀ ਬਰਜਿੰਦਰ ਸਿੰਘ ਡੀ.ਐੱਮ. ਮਾਰਕਫੈੱਡ, ਡਾ. ਜਸਵਿੰਦਰ ਕੁਮਾਰ, ਡਾ. ਰਜਿੰਦਰ ਕੌਰ, ਮੈਡਮ ਪ੍ਰਿਆਂਜਲੀ, ਸ੍ਰੀ ਵਿਕਰਮ ਸਿੰਘ ਖੇਤੀ ਵਿਸਥਾਰ ਅਫ਼ਸਰ, ਸ੍ਰੀ ਸੰਦੀਪ ਗੰਗੜ ਏ.ਟੀ.ਐੱਮ. ਆਤਮਾ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਵੱਖ-ਵੱਖ ਸਹਿਕਾਰੀ ਸਭਾਵਾਂ ਦੇ ਸਕੱਤਰ ਸ੍ਰੀ ਸ਼ਿੰਗਾਰਾ ਲੰਗੇਰੀ, ਜਗਜੀਤ ਸਿੰਘ, ਜਸਪਾਲ ਸਿੰਘ, ਮਨਵੀਰ ਸਿੰਘ, ਮੁਖਤਿਆਰ ਸਿੰਘ, ਮਨਦੀਪ ਸਿੰਘ, ਰਮਨ ਕੁਮਾਰ, ਇਕਬਾਲ ਸਿੰਘ, ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਬੱਗਾ, ਹਰਜਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਗਾਂਹਵਧੂ ਕਿਸਾਨ ਹਾਜ਼ਰ ਸਨ।

ਕੈਂਪ ਦੌਰਾਨ ਕਿਸਾਨਾਂ ਨੂੰ ਖਾਦ ਬੱਚਤ ਸਬੰਧੀ ਸਾਹਿਤ, ਪੋਸਟਰ ਅਤੇ ਮਿੱਟੀ ਪਰਖ ਕਿੱਟਾਂ ਵੀ ਵੰਡੀਆਂ ਗਈਆਂ।

# ਕਾਠਗੜ੍ਹ ਪੁਲਿਸ ਵੱਲੋਂ ਚੋਰੀ ਦੇ 2 ਮੋਟਰਸਾਈਕਲਾਂ ਸਮੇਤ ਇੱਕ ਕਾਬੂ

**(ਜਤਿੰਦਰ ਪਾਲ ਸਿੰਘ ਕਲੇਰ) :** ਪੁਲਿਸ ਵੱਲੋਂ ਸਮਾਜ ਵਿਰੋਧੀ ਅਨਸਰਾਂ ਅਤੇ ਚੋਰਾਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਥਾਣਾ ਕਾਠਗੜ੍ਹ ਦੀ ਪੁਲਿਸ ਨੂੰ ਉਸ ਸਮੇਂ ਇੱਕ ਵੱਡੀ ਸਫਲਤਾ ਮਿਲੀ ਜਦੋਂ ਇੱਕ ਮੁਖਬਰ ਖਾਸ ਦੀ ਇਤਲਾਹ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮ ਨੇ ਚੋਰੀ ਦੇ ਮੋਟਰਸਾਈਕਲਾਂ ਸਮੇਤ ਇੱਕ ਨੌਜਵਾਨ ਨੂੰ ਗ੍ਰਿਫ਼ਤਾਰ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ।ਮਾਮਲੇ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਏ ਐਸ ਆਈ ਪ੍ਰੇਮ ਲਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਵੱਲੋਂ ਸੂਚਨਾ ਮਿਲੀ ਸੀ ਕਿ ਮੋਹਿਤ ਕੁਮਾਰ ਪੁੱਤਰ ਬਲਦੇਵ ਰਾਜ, ਵਾਸੀ ਪਿੰਡ ਨਿਗਾਹੀ ਦੇ ਵਾੜੇ ਰੱਤੇਵਾਲ (ਥਾਣਾ ਕਾਠਗੜ੍ਹ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ), ਜੋ ਕਿ ਮੋਟਰਸਾਈਕਲ ਚੋਰੀ ਕਰਕੇ ਅੱਗੇ ਵੇਚਣ ਦਾ ਧੰਦਾ ਕਰਦਾ ਹੈ, ਅੱਜ ਵੀ ਚੋਰੀ ਦਾ ਮੋਟਰਸਾਈਕਲ ਵੇਚਣ ਦੀ ਫਿਰਾਕ ਵਿੱਚ ਘੁੰਮ ਰਿਹਾ ਹੈ। ਉਹ ਰੱਤੇਵਾਲ ਸਾਈਡ ਤੋਂ ਕਾਠਗੜ੍ਹ ਸਾਈਡ ਵੱਲ ਆ ਰਿਹਾ ਸੀ। ਏ ਐਸ ਆਈ ਪ੍ਰੇਮ



ਲਾਲ ਨੇ ਅੱਗੇ ਦੱਸਿਆ ਕਿ ਮੁਖਬਰ ਦੀ ਇਤਲਾਹ ਦੇ ਆਧਾਰ 'ਤੇ ਪੁਲਿਸ ਪਾਰਟੀ ਵੱਲੋਂ ਤੁਰੰਤ ਕਾਠਗੜ੍ਹ ਤੋਂ ਰੱਤੇਵਾਲ ਰੋਡ 'ਤੇ ਨਾਕਾਬੰਦੀ ਕਰਕੇ ਸ਼ੱਕੀ ਵਾਹਨਾਂ ਦੀ ਚੈਕਿੰਗ ਸ਼ੁਰੂ ਕੀਤੀ ਗਈ। ਇਸ ਨਾਕਾਬੰਦੀ ਦੌਰਾਨ ਪੁਲਿਸ ਨੇ ਮੁਸਤੈਦੀ ਵਰਤਦਿਆਂ ਦੋਸ਼ੀ ਮੋਹਿਤ ਕੁਮਾਰ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ। ਪੁਲਿਸ ਅਧਿਕਾਰੀ ਮੁਤਾਬਕ ਗ੍ਰਿਫ਼ਤਾਰੀ ਤੋਂ ਬਾਅਦ ਜਦੋਂ ਮਾਮਲੇ ਦੀ ਬਾਰੀਕੀ ਨਾਲ ਤਫਤੀਸ਼ ਅਮਲ ਵਿੱਚ ਲਿਆਂਦੀ ਗਈ, ਤਾਂ ਦੋਸ਼ੀ ਦੀ ਨਿਸ਼ਾਨਦੇਹੀ 'ਤੇ ਚੋਰੀ ਦੇ ਹੋਰ ਵਾਹਨ ਵੀ ਬਰਾਮਦ ਕੀਤੇ ਗਏ। ਪੁਲਿਸ ਨੇ ਇਸ ਕਾਰਵਾਈ ਦੌਰਾਨ 2 ਮੋਟਰਸਾਈਕਲ (ਮਾਰਕਾ ਟੀ ਵੀ ਐਸ) ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਪੁਲਿਸ ਵੱਲੋਂ ਦੋਸ਼ੀ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਅਤੇ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਚੋਰੀ ਦੇ ਹੋਰ ਮਾਮਲਿਆਂ ਦਾ ਵੀ ਖੁਲਾਸਾ ਹੋ ਸਕੇ।

# ਡਾ. ਬੀ. ਆਰ. ਅੰਬੇਡਕਰ ਐਜੂਕੇਸ਼ਨ ਵੈਲਫੇਅਰ ਸੋਸਾਇਟੀ ਅੱਪਰਾ ਨੇ ਲਗਾਏ ਫਲਦਾਰ ਅਤੇ ਛਾਂਦਾਰ ਬੂਟੇ

**ਫਿਲੌਰ/ਅੱਪਰਾ, 19 ਜੂਨ – (ਦੀਪਾ):**-ਵਾਤਾਵਰਣ ਦਿਵਸ ਨੂੰ ਸਮਰਪਿਤ ਅੱਪਰਾ ਦੇ ਸਰਪੰਚ ਵਿਨੈ ਕੁਮਾਰ ਬੰਗੜ੍ਹ , ਡਾਕਟਰ ਬੀ ਆਰ ਅੰਬੇਡਕਰ ਐਜੂਕੇਸ਼ਨਲ ਵੈਲਫ਼ੇਅਰ ਸੁਸਾਇਟੀ ਸਰਕਲ ਅੱਪਰਾ, ਗ੍ਰਾਮ ਪੰਚਾਇਤ ਅੱਪਰਾ, ਸਮੂਹ ਸਮਾਜ ਸੇਵੀ ਸੰਸਥਾਵਾਂ ਨੇ ਰਲ ਮਿਲ ਕੇ ਫਲਦਾਰ ਅਤੇ ਛਾਂਦਾਰ ਬੂਟੇ ਲਗਾਏ ਗਏ। ਇਸ ਮੌਕੇ ਕਸਬਾ ਅੱਪਰਾ ਦੇ ਸਰਪੰਚ ਵਿਨੈ ਕੁਮਾਰ ਬੰਗੜ ਨੇ ਕਿਹਾ ਕਿ ਇਨਸਾਨ ਨੇ ਜਿੱਥੇ ਤਰੱਕੀ ਕੀਤੀ ਹੈ ਉੱਥੇ ਹੀ ਕੁਦਰਤ ਦੀ ਬਣਾਈ ਹੋਈ ਬਨਾਸਪਤੀ ਨੂੰ ਨਸ਼ਟ ਵੀ ਕੀਤਾ ਹੈ ਤਾਂਹੀ ਤਾਂ ਇਨਸਾਨ ਕੁਦਰਤ ਦੀ ਕਰੋਪੀ ਦਾ ਸੰਤਾਪ ਭੋਗ ਰਿਹਾ ਹੈ ਕਦੇ ਹੜ੍ਹਾਂ ਦੇ ਰੂਪ ਵਿੱਚ ਕਦੇ ਸੋਕੇ ਦੇ ਰੂਪ ਵਿੱਚ ਅਤੇ ਕਿਸੇ ਬਿਮਾਰੀ ਦੇ ਰੂਪ ਵਿੱਚ। ਜੰਗਲਾਂ ਦੀ ਅੰਧਾ ਧੁੰਦ ਕਟਾਈ ਹੋਣ ਕਰਕੇ ਅਸਮਾਨ ਚੋਂ ਧੁੱਪ ਅਤੇ ਤਪਸ ਦੇ ਰੂਪ ਵਿੱਚ ਅੱਗ ਵਰ੍ਹ ਰਹੀ ਹੈ। ਆਓ ਅਸਮਾਨ ਤੋਂ ਇਸ ਵਰ੍ਹਦੀ ਹੋਈ ਅੱਗ ਤੋਂ ਬਚਣ ਲਈ



ਦਰੱਖਤਾਂ ਦੀ ਕਟਾਈ ਬੰਦ ਕਰਕੇ ਅੱਜ ਵਾਤਾਵਰਨ ਦਿਵਸ ਦੇ ਮੌਕੇ ਸੰਕਲਪ ਕਰੀਏ ਕਿ ਹਰ ਇੱਕ ਬੰਦਾ ਆਪਣੀ ਜ਼ਿੰਦਗੀ ਵਿੱਚ ਘੱਟੋ ਘੱਟ ਇੱਕ ਦਰੱਖਤ ਜਰੂਰ ਲਗਾਵੇ ਅਤੇ ਜਿਨ੍ਹਾਂ ਚਿਰ ਉਹ ਲਾਇਆ ਹੋਇਆ ਬੂਟਾ ਦਰੱਖਤ ਨੀ ਬਣ ਜਾਂਦਾ ਉਨ੍ਹਾਂ ਸਮਾਂ ਉਸ ਬੂਟੇ ਦੀ ਦੇਖ ਭਾਲ ਅਤੇ ਰੱਖਿਆ ਕਰੇ। ਇਸ ਮੌਕੇ ਸਰਪੰਚ ਵਿਨੈ ਕੁਮਾਰ ਅੱਪਰਾ, ਪੰਚ ਮੋਹਨ ਲਾਲ, ਕਮਲ ਕੁਮਾਰ ਕੈਸ਼ੀਅਰ ਡਾ. ਭੀਮ ਰਾਓ ਅੰਬੇਡਕਰ ਭਵਨ ਅਤੇ ਐਜੂਕੇਸ਼ਨ ਵੈਲਫੇਅਰ ਸੋਸਾਇਟੀ ਚੱਕ ਸਾਹਬੂ, ਅਰਮਾਨ ਸੰਧੂ, ਰੋਹਿਤ ਕੁਮਾਰ, ਸਰਬਜੀਤ ਸਾਬੀ ਅਤੇ ਸੁਭਾਸ਼ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਨਾਨਕਸਰ ਬਰੈਂਪਟਨ ਵਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ

**ਬਰੈਂਪਟਨ ਕੈਨੇਡਾ (ਸੁਰਜੀਤ ਸਿੰਘ ਫਲੋਰਾ)** ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਹਾਨ ਸ਼ਹੀਦੀ ਗੁਰਪੁਰਬ ਗੁਰਦੁਆਰਾ ਨਾਨਕਸਰ ਟਿੰਬਰਲੇਨ ਬਰੈਂਪਟਨ ਵਿਖੇ ਸਮੂਹ ਸਾਧ ਸੰਗਤ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸ਼ਹੀਦੀ ਦਿਹਾੜੇ ਨੂੰ ਸਮਰਪਿਤ ਰੱਖੇ ਗਏ ਸ੍ਰੀ ਅਖੰਡ ਪਾਠਾ ਦੇ ਭੋਗ ਪਾਏ ਗਏ ਫਿਰ ਆਰਤੀ ਭਾਈ ਸ੍ਰ ਤਰਲੋਕ ਸਿੰਘ ਹੋਰਾਂ ਵਲੋਂ ਕੀਤੀ ਗਈ। ਉਹਨਾਂ ਤੋਂ ਬਾਅਦ ਭਾਈ ਸੇਵਾ ਸਿੰਘ ਜੀ ਕਥਾਕਾਰ ਵਲੋਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਉਹਨਾਂ ਦੇ ਬਲੀਦਾਨ ਵਾਰੇ ਕਥਾਂ ਕੀਤੀ।





ਭਾਈ ਤਰਲੋਕ ਸਿੰਘ ਜੀ ਵਲੋਂ ਕੀਰਤਨ ਤੇਰੀ ਧੰਨ ਕਰਬਾਨੀ ਦਾਤਿਆਂ ਮਿੱਠਾ ਕਰ ਭਾਣਾ ਮੰਨਿਆਂ ਦੀ ਧਾਰਨਾ ਰਾਹੀਂ ਗੁਰੂ ਜਸ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਜੀ ਦੀ ਸ਼ਹੀਦੀ ਨੂੰ ਕੋਟਿ ਕੋਟਿ ਪ੍ਰਣਾਮ ਕੀਤਾ।

ਭਾਈ ਸੇਵਾ ਸਿੰਘ ਜੀ ਵਲੋਂ ਗੁਰੂ ਸਾਹਿਬ ਬਾਰੇ ਕਥਾ ਕਰਦੇ ਹੋਏ ਵਚਨ ਕੀਤੇ ਕਿ ਮਹਾਰਾਜ ਜੀ ਨੇ ਜੋ ਸਮੁੱਚੀ ਮਨੁੱਖਤਾ ਦੇ ਅੰਦਰ ਅੱਜ ਤੋਂ ਚਾਰ ਸੌ ਅਠਾਰਾਂ ਸਾਲ ਪਹਿਲੇ ਆਪਣੇ ਜੀਵਨ ਤੇ ਮਹਾਨ ਤਸੀਹੇ ਸਹਿੰਦਿਆਂ ਹੋਇਆਂ ਪੂਰਨੇ ਪਾਏ ਜੋ ਮਨੁੱਖਤਾ ਨੂੰ ਉਪਦੇਸ਼ ਦਿੱਤਾ, ਉਸ ਦੇ ਧਾਰਨੀ ਬਣੀਏ ਤਾਂ ਜੋ ਕਿ ਅਸੀਂ ਇੱਕ ਮਜ਼ਬੂਤ ਮਨੁੱਖ ਬਣ ਕੇ, ਗੁਲਾਮੀ ਦੇ ਬੰਧਨਾਂ ਤੋਂ ਬਾਹਰ ਨਿਕਲ ਕੇ, ਸੱਚ ਦੀ ਆਵਾਜ਼ ਦੇਣ ਵਾਲੇ, ਸੱਚ ਦੀ ਆਵਾਜ਼ ਸੁਣਨ ਵਾਲੇ, ਸੱਚ ਦੀ ਆਵਾਜ਼ ਧਾਰਨ ਕਰਨ ਵਾਲੇ ਬਣ ਸਕੀਏ।

ਉਹਨਾਂ ਅੱਗੇ ਬਚਨ ਕਰਦੇ ਹੋਏ ਕਿਹਾ ਕਿ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਜੀ ਦੀ ਕੁਰਬਾਨੀ ਬੜੀ ਧੰਨ ਹੈ। ਜੈਸੀ ਆਪ ਨੇ ਇਸ ਮਨੁੱਖ ਇਤਿਹਾਸ ਅੰਦਰ, ਮਨੁੱਖ ਦੁਨੀਆਂ ਦੇ ਅੰਦਰ, ਇਸ ਮਾਤ ਲੋਕ ਦੇ ਅੰਦਰ ਜਿਸ ਪ੍ਰਕਾਰ ਦੀ ਕੁਰਬਾਨੀ ਆਪ ਨੇ ਦਿੱਤੀ ਹੈ। ਉਸ ਦਾ ਮੁਕਾ-ਬਲਾ ਕੋਈ ਨਹੀਂ ਹੈ। ਫਿਰ ਉਸ ਕੁਰਬਾਨੀ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਅਸਲ ਲਫਜ਼ ਜਿਹੜਾ ਅਸੀਂ ਜਿਵੇਂ ਵਰਤਦੇ ਹਾਂ ਅਸੀਂ ਇੱਕ ਮਜ਼ਬੂਰੀ ਨੂੰ ਵਰਤਦੇ ਹਾਂ ਕਿ ਚਲੋ ਜੀ ਰੱਬ ਦਾ ਭਾਣਾ ਹੀ ਹੋਣਾ ਸੀ, ਇਸ ਤਰ੍ਹਾਂ ਹੋ ਗਿਆ। ਇੱਥੇ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦਾ ਭਾਣਾ ਮੰਨਣ ਦਾ ਭਾਵ ਗੁਰੂ ਅਕਾਲ ਪੁਰਖ, ਪ੍ਰਭੂ ਪਰਮਾਤਮਾ ਦੀ ਜੋ ਵੀ ਕਿਰਤ ਵਰਤ ਰਹੀ ਹੈ, ਉਸ ਤੇ ਕੋਈ ਇਤਰਾਜ਼ ਦਾ ਭਾਵ ਨਹੀਂ। ਉਹਨਾਂ ਦੀ ਇੱਕ ਵਾਰ ਵੀ ਜ਼ੁਬਾਨ ਤੋਂ ਕਿਤੇ ਇਹ ਲਫਜ਼ ਕਿਤੇ ਨਿਕਲਿਆ ਹੋਵੇ ਤੇ ਕੋਈ ਆ ਕੇ ਦੱਸੇ ਕਿ ਅਸੀਂ ਸੁਣਿਆ ਕਿ ਗੁਰੂ ਅਰਜਨ ਦੇਵ ਪਾਤਸ਼ਾਹ ਨੇ ਅਕਾਲ ਪੁਰਖ ਦੀ ਰਜ਼ਾ ਦੇ ਪ੍ਰਤੀ ਗਿਲਾ ਕੀਤਾ ਹੋਵੇ। ਸ਼ਾਂਤੀ ਦੇ ਪੁੰਜ ਦਾਤਿਆ ਤੇਰੀ ਰਸਨਾ ਤੋਂ ਅੱਜ ਵੀ ਉਹੀ ਬਚਨ ਨਿਕਲ ਰਿਹਾ ਹੈ ਕਿ ਤੇਰਾ ਕੀਆ ਮੀਠਾ ਲਾਗੇ। ਪਰ ਗੁਰੂ ਦੇ ਜੀਵਨ ਚੋਂ ਇਹ ਸਿੱਖੋ ਕਿ ਗੁਰੂ ਸਾਹਿਬ ਜੀ ਨੇ 1563 ਵਿੱਚ ਜਨਮ ਲੈ 1606 ਤੱਕ ਆਪਣੇ ਮਨੁੱਖੀ ਸਰੀਰ ਅੰਦਰ ਇੱਕ ਵੀ ਦਿਨ ਐਸਾ ਨਹੀਂ ਹੈ ਜਿਹੜੇ ਦਿਨ ਤੇ ਉਹਨਾਂ ਨੇ ਮੁਸ਼ਕਿਲ ਦਾ ਸਾਹਮਣਾ ਨਾ ਕੀਤਾ ਹੋਏਗਾ ਤੇ ਐਸਾ ਵੀ ਨਹੀਂ ਹੈ ਪਰਾਇਆਂ ਤੋਂ ਆਪਣਿਆਂ ਤੋਂ। ਪਰੰਤੂ ਮਹਾਰਾਜ ਨੇ ਜੋ ਕੁਝ ਸਾਨੂੰ ਬਖਸ਼ ਦਿੱਤਾ ਤੇ ਜੋ ਕੁਝ ਸਾਨੂੰ ਸਿਖਾ ਦਿੱਤਾ, ਅਗਰ ਅਸੀਂ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੂੰ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੇ ਹਾਂ, ਗੁਰਪੁਰਬ ਮਨਾਉਂਦੇ ਹਾਂ ਤੇ ਜ਼ਿੰਦਗੀ ਵਿੱਚ ਡੋਲਿਆ ਨਾ ਜੇ ਔਖਿਆਈ ਆਉਂਦੀ ਹੈ ਤੇ ਬਾਣੀ ਦਾ ਓਟ ਆਸਰਾ ਲਉ। ਅਖਿਰ ਤੇ ਭਾਈ ਸਵਰਨਜੀਤ ਸਿੰਘ ਜੀ ਵਲੋਂ ਹੁਕਮਨਾਮਾ ਲਿਆਂ ਗਿਆ ਤੇ ਸਭ ਦਾ ਗੁਰੂ ਸਾਹਿਬ ਦੇ ਸ਼ਹੀਦੀ ਦਿਵਸ ਤੇ ਗੁਰੂਘਰ ਆਉਣ ਤੇ ਸਭ ਦਾ ਧੰਨਵਾਦ ਕੀਤਾ। ਸੰਗਤਾਂ ਦੇ ਸਹਿਯੋਗ ਨਾਲ ਗੁਰੂਘਰ ਦੇ ਬਾਹਰ ਠੰਡੇ ਮਿੱਠੇ ਜਲ ਦੀ ਛਬੀਲ ਗੁਰੂ ਘਰ ਵੱਲੋਂ ਲਗਾਈ ਗਈ। ਗੁਰੂ ਦਾ ਮਹਾਨ ਲੰਗਰ ਅਤੁੱਟ ਵਰਤਾਇਆ ਗਿਆ।

# ਏਬੀਵੀਪੀ ਪੰਜਾਬ ਦਾ 4 ਰੋਜ਼ਾ ਸਿਖਲਾਈ ਕੋਰਸ ਪਟਿਆਲਾ ਦੇ ਸੰਗਰੂਰ ਵਿਖੇ ਸ਼ੁਰੂ

**ਸੰਗਰੂਰ /ਪਟਿਆਲਾ–ਗੁਰਭਿੰਦਰ ਗੁਰੀ** ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏਬੀਵੀਪੀ) ਦੀ 4 ਰੋਜ਼ਾ ਸਲਾਨਾ ਪ੍ਰੈਕਟਿਸ ਕਲਾਸ ਸਾਧੂ ਆਸ਼ਰਮ ਸਰਵਹਿਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ ਸੰਗਰੂਰ ਪਟਿਆਲਾ ਵਿਖੇ ਸ਼ੁਰੂ ਹੋ ਗਈ ਹੈ। ਰਾਜ ਭਰ ਤੋਂ ਸੈਂਕੜੇ ਏਬੀਵੀਪੀ ਵਰਕਰ ਚਾਰ ਦਿਨਾਂ ਕੈਂਪ ਵਿੱਚ ਸਰਗਰਮੀ ਨਾਲ ਹਿੱਸਾ ਲੈ ਰਹੇ ਹਨ, ਜੋ ਸੰਗਠਨਾਤਮਕ ਮਜ਼ਬੂਤੀ, ਵਿਚਾਰਧਾਰਕ ਸਪਸ਼ਟਤਾ ਅਤੇ ਭਵਿੱਖ ਦੀਆਂ ਕਾਰਜ ਯੋਜਨਾਵਾਂ 'ਤੇ ਧਿਆਨ ਕੇਂਦਰਤ ਕਰਨਗੇ। ਉੱਤਰੀ ਜ਼ੋਨ ਦੇ ਸੰਗਠਨ ਮੰਤਰੀ ਗੌਰਵ ਅੱਤਰੀ ਨੇ ਉਦਘਾਟਨੀ ਸੈਸ਼ਨ ਦੌਰਾਨ ਮਹੱਤਵਪੂਰਨ ਸੰਗਠਨਾਤਮਕ ਵਿਚਾਰ ਪੇਸ਼ ਕੀਤੇ। ਸੂਬਾਈ ਅਭਿਆਸ ਕਲਾਸ ਜੋ ਸੰਗਠਨਾਤਮਕ ਮਜ਼ਬੂਤੀ, ਸੰਕਲਪਿਕ ਸਪਸ਼ਟਤਾ ਅਤੇ ਭਵਿੱਖ ਦੀਆਂ ਕਾਰਜ ਯੋਜਨਾਵਾਂ 'ਤੇ ਕੇਂਦ੍ਰਿਤ ਸੀ। ਉਨ੍ਹਾਂ ਕਿਹਾ ਕਿ ਅਭਿਆਸ ਕਲਾਸ ਦੇ ਸੈਸ਼ਨ ਦੌਰਾਨ ਮਹੱਤਵਪੂਰਨ ਸੰਗਠਨਾਤਮਕ ਨਿਯੁਕਤੀ ਦਾ ਵੀ ਐਲਾਨ ਕੀਤਾ ਜਾਵੇਗਾ। ਉਦਘਾਟਨੀ ਸੈਸ਼ਨ ਵਿੱਚ ਪੰਜਾਬ ਪ੍ਰਦੇਸ਼ ਪ੍ਰਧਾਨ ਡਾ. ਪ੍ਰਸ਼ਾਂਤ ਗੌਤਮ, ਸਕੱਤਰ ਜਸਕਰਨ




ਭੁੱਲਰ ਅਤੇ ਹੋਰ ਅਹੁਦੇਦਾਰਾਂ ਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੰਯੁਕਤ ਸਕੱਤਰ ਸਵਾਸਤਿਕ ਗੌਤਮ ਨੇ ਸਵਾਗਤ ਕੀਤਾ। ਮੀਟਿੰਗ ਵਿੱਚ ਨਗਰ ਕੌਂਸਲ ਦੇ ਸਾਬਕਾ ਚੇਅਰਮੈਨ ਰਾਜਿੰਦਰ ਸਿੰਘ, ਸਾਬਕਾ ਚੇਅਰਮੈਨ ਗੁਰਪਾਲ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਰਵਿੰਦਰ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਰਵਿੰਦਰ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਰਵਿੰਦਰ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਰਵਿੰਦਰ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਰਵਿੰਦਰ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਰਵਿੰਦਰ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਗੁਰਦਿਆਲ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਗੁਰਦਿਆਲ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਗੁਰਦਿਆਲ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਗੁਰਦਿਆਲ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਗੁਰਦਿਆਲ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਗੁਰਦਿਆਲ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਗੁਰਦਿਆਲ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਗੁਰਦਿਆਲ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਗੁਰਦਿਆਲ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਗੁਰਦਿਆਲ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਗੁਰਦਿਆਲ ਸਿੰਘ ਸੂਬਾਈ ਅਭਿਆਸ ਕਲਾਸ ਜੋ ਸੰਗਠਨਾਤਮਕ ਮਜ਼ਬੂਤੀ, ਸੰਕਲਪਿਕ ਸਪਸ਼ਟਤਾ ਅਤੇ ਭਵਿੱਖ ਦੀਆਂ ਕਾਰਜ ਯੋਜਨਾਵਾਂ 'ਤੇ ਧਿਆਨ ਕੇਂਦਰਤ ਕਰੇਗੀ।

# ਸ਼ਹੀਦ ਭਗਤ ਸਿੰਘ ਵਿਚਾਰ ਮੰਚ, ਆਰ.ਸੀ.ਐਫ. ਵੱਲੋਂ ਆਰਥਿਕ ਸੰਕਟ ਸੰਬੰਧੀ ਵਿਚਾਰ ਚਰਚਾ ਦਾ ਸਫਲ ਆਯੋਜਨ

**ਕਪੂਰਥਲਾ, 18 ਜੂਨ ( ਕੌੜਾ )–** ਸ਼ਹੀਦ ਭਗਤ ਸਿੰਘ ਵਿਚਾਰ ਮੰਚ, ਆਰ.ਸੀ.ਐਫ. ਕਪੂਰਥਲਾ ਵੱਲੋਂ ਅੱਜ ਵਰਕਰ ਕਲੱਬ, ਆਰ.ਸੀ.ਐਫ. ਕਪੂਰਥਲਾ ਦੇ ਪ੍ਰਾਂਗਣ ਵਿੱਚ ਇੱਕ ਵਿਸ਼ੇਸ਼ "ਵਿਚਾਰ ਚਰਚਾ" ਪ੍ਰੋਗਰਾਮ ਦਾ ਬਹੁਤ ਹੀ ਸਫਲ ਆਯੋਜਨ ਕੀਤਾ ਗਿਆ। ਇਸ ਚਰਚਾ ਦਾ ਮੁੱਖ ਵਿਸ਼ਾ "ਪੈਨਸ਼ਨ, ਰੁਜ਼ਗਾਰ, ਸ਼ੇਅਰ ਬਾਜ਼ਾਰ, ਬਚਤ ਅਤੇ ਆਰਥਿਕ ਸੰਕਟ " ਸੀ, ਜਿਸ ਵਿੱਚ ਵੱਡੀ ਗਿਣਤੀ ਵਿੱਚ ਰੇਲ ਕੋਚ ਫੈਕਟਰੀ ਦੇ ਕਰਮਚਾਰੀਆਂ, ਬੁੱਧੀਜੀਵੀਆਂ ਅਤੇ ਸਮਾਜਿਕ ਚਿੰਤਕਾਂ ਨੇ ਹਿੱਸਾ ਲਿਆ। ਪ੍ਰੋਗਰਾਮ ਦੇ ਮੁੱਖ ਵਕਤਾ ਵਜੋਂ ਹਰਵਿੰਦਰ ਭੰਡਾਲ ਟਰਸਟੀ (ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ )ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਆਪਣੇ ਵਿਚਾਰ-ਉਤਸ਼ਾਹਕ ਅਤੇ ਜਾਣਕਾਰੀ ਭਰਪੂਰ ਸੰਬੋਧਨ ਦੌਰਾਨ ਉਨ੍ਹਾਂ ਨੇ ਆਰਥਿਕ ਮੰਦੀ ਦੇ ਕਾਰਨਾਂ, ਕਾਰਪੋਰੇਟ ਨੀਤੀਆਂ ਅਤੇ ਆਮ ਮਜ਼ਦੂਰ ਵਰਗ 'ਤੇ ਪੈ ਰਹੇ ਇਸ ਦੇ ਪ੍ਰਭਾਵਾਂ ਦਾ ਗੰਭੀਰ ਵਿਸ਼ਲੇਸ਼ਣ ਕੀਤਾ।

ਉਨ੍ਹਾਂ ਕਿਹਾ ਕਿ ਜੇਕਰ ਲੋਕ-ਹਿਤੈਸ਼ੀ ਨੀਤੀਆਂ ਅਤੇ ਸੁਧਾਰਾਂ ਨੂੰ ਲਾਗੂ ਨਾ ਕੀਤਾ ਗਿਆ ਤਾਂ ਆਰਥਿਕ ਸੰਕਟ ਦਾ ਇਹ ਦੌਰ ਆਮ ਅਤੇ ਮੱਧ ਵਰਗ ਲਈ ਹੋਰ ਵੀ ਵੱਡੀਆਂ ਮੁਸ਼ਕਲਾਂ ਪੈਦਾ ਕਰ ਸਕਦਾ ਹੈ।

ਸਮਾਜ ਵੀਕਲੀ ਨਿਊਜ਼

ਦੇਸ਼ ਦੀ ਆਰਥਿਕ ਸਥਿਤੀ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ, "ਅੱਜ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ ਚਿੰਤਾਜਨਕ ਪੱਧਰ 'ਤੇ ਪਹੁੰਚ ਚੁੱਕੀ ਹੈ ਅਤੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਵੀ ਸੁਰੱਖਿਅਤ ਰੁਜ਼ਗਾਰ ਨਹੀਂ ਮਿਲ ਰਿਹਾ। ਦੇਸ਼ 'ਤੇ ਵਧ ਰਿਹਾ ਕਰਜ਼ਾ ਅਤੇ ਲਗਾਤਾਰ ਵਧ ਰਹੀ ਮਹਿੰਗਾਈ ਨੇ ਆਮ ਪਰਿਵਾਰਾਂ ਦੇ ਘਰੇਲੂ ਬਜਟ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਘਰੇਲੂ ਬਚਤ ਦਰ ਪਿਛਲੇ ਕਈ ਦਹਾਕਿਆਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਆ ਗਈ ਹੈ, ਜਿਸ ਦਾ ਅਰਥ ਹੈ ਕਿ






ਲੋਕ ਆਰਥਿਕ ਤੰਗੀ ਕਾਰਨ ਆਪਣੇ ਭਵਿੱਖ ਲਈ ਬਚਤ ਕਰਨ ਤੋਂ ਅਸਮਰੱਥ ਹੋ ਰਹੇ ਹਨ। ਇਸ ਦੇ ਉਲਟ ਸ਼ੇਅਰ ਬਾਜ਼ਾਰ ਦੀ ਤੇਜ਼ੀ ਰਾਹੀਂ ਇਹ ਪ੍ਰਭਾਵ ਪੈਦਾ ਕੀਤਾ ਜਾ ਰਿਹਾ ਹੈ ਕਿ ਅਰਥਵਿਵਸਥਾ ਮਜ਼ਬੂਤ ਹੈ, ਜਦਕਿ ਜ਼ਮੀਨੀ ਹਕੀਕਤ ਇਸ ਤੋਂ ਬਿਲਕੁਲ ਵੱਖਰੀ ਹੈ ਅਤੇ ਇਸ ਦਾ ਲਾਭ ਮੁੱਖ ਤੌਰ 'ਤੇ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਹੀ ਮਿਲ ਰਿਹਾ ਹੈ।" ਉਨ੍ਹਾਂ ਅੱਗੇ ਕਿਹਾ, "ਜਦੋਂ ਪੂੰਜੀਵਾਦੀ ਨੀਤੀਆਂ ਦਾ ਦਬਦਬਾ ਵਧ ਰਿਹਾ ਹੈ, ਉਸ ਸਮੇਂ ਕਰਮਚਾਰੀਆਂ ਦੀ ਸਮਾਜਿਕ ਸੁਰੱਖਿਆ ਅਤੇ ਬੁਢਾਪੇ ਦੇ ਸਹਾਰੇ 'ਪੈਨਸ਼ਨ' ਨੂੰ ਬਾਜ਼ਾਰ ਦੇ ਜੋਖਮਾਂ ਦੇ ਹਵਾਲੇ ਕਰਨਾ ਬਹੁਤ ਹੀ ਖਤਰਨਾਕ ਹੈ। ਇੱਕ ਭਲਾਈਕਾਰੀ ਰਾਜ ਵਿੱਚ ਪੁਰਾਣੀ ਪੈਨਸ਼ਨ ਯੋਜਨਾ (ਫਸ਼) ਦੀ ਬਹਾਲੀ ਕੋਈ ਵਿੱਤੀ ਬੋਝ ਨਹੀਂ, ਸਗੋਂ ਕਰਮਚਾਰੀਆਂ ਦਾ ਸੰਵਿਧਾਨਕ ਹੱਕ ਹੈ। ਜੇਕਰ ਅਸੀਂ ਆਪਣੀ ਮਿਹਨਤ ਦੀ ਕਮਾਈ ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਅੰਨ੍ਹੇਵਾਹ ਨਿੱਜੀਕਰਨ ਦੇ ਖਿਲਾਫ ਅਤੇ ਲੋਕ-ਪੱਖੀ ਆਰਥਿਕ ਨੀਤੀਆਂ ਲਈ ਇਕੱਠੇ ਹੋ ਕੇ ਆਵਾਜ਼ ਬੁਲੰਦ ਕਰਨੀ ਹੋਵੇਗੀ।ਪ੍ਰੋਗਰਾਮ ਦੇ ਸਫਲ ਆਯੋਜਨ ਵਿੱਚ ਮੰਚ ਦੇ ਪ੍ਰਮੁੱਖ ਆਗੂਆਂ, ਜਿਨ੍ਹਾਂ ਵਿੱਚ ਪ੍ਰਧਾਨ ਧਰਮ ਪਾਲ, ਸਕੱਤਰ ਚੰਦਰਭਾਨ ਅਤੇ ਗੁਰਜਿੰਦਰ ਸਿੰਘ ਸ਼ਾਮਲ ਸਨ, ਨੇ ਅਹਿਮ ਭੂਮਿਕਾ ਨਿਭਾਈ। ਇਸ ਤੋਂ ਇਲਾਵਾ ਮੰਚ ਦੇ ਸਰਗਰਮ ਸਾਥੀਆਂ ਅਮਰੀਕ ਸਿੰਘ, ਭਾਰਤ ਰਾਜ, ਰਾਮਦਾਸ, ਵਿਨੋਦ ਕੁਮਾਰ, ਪੰਕਜ ਕੁਮਾਰ ਸਿੰਘ, ਸਾਕੇਤ ਕੁਮਾਰ ਯਾਦਵ, ਸੁਨੀਲ ਕਸ਼ਯਪ, ਰਾਜ ਕੁਮਾਰ ਪ੍ਰਜਾਪਤੀ, ਸਰਬਜੀਤ ਸਿੰਘ, ਗੁਰਮੇਲ ਸਿੰਘ, ਮਨਜੀਤ ਸਿੰਘ ਅਤੇ ਰਜਿੰਦਰ ਕੁਮਾਰ ਸਮੇਤ ਰੇਲ ਕੋਚ ਫੈਕਟਰੀ ਦੀਆਂ ਵੱਖ-ਵੱਖ ਯੂਨੀਅਨਾਂ ਅਤੇ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ ਅਤੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਯੋਗਦਾਨ ਪਾਇਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਭਾਰਤ ਰਾਜ ਵੱਲੋਂ ਨਿਭਾਈ ਗਈ। ਪ੍ਰੋਗਰਾਮ ਦੇ ਅੰਤ ਵਿੱਚ ਮੰਚ ਦੇ ਆਗੂਆਂ ਨੇ ਇਹ ਸੰਕਲਪ ਦੁਹਰਾਇਆ ਕਿ ਉਹ ਸਮਾਜ ਅਤੇ ਕਰਮਚਾਰੀਆਂ ਨਾਲ ਜੁੜੇ ਗੰਭੀਰ ਆਰਥਿਕ ਅਤੇ ਸਮਾਜਿਕ ਮੁੱਦਿਆਂ 'ਤੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਵਿਚਾਰਕ ਬਹਿਸਾਂ ਦੇ ਆਯੋਜਨ ਦਾ ਸਿਲਸਿਲਾ ਲਗਾਤਾਰ ਜਾਰੀ ਰੱਖਣਗੇ।

# ਸਰਪੰਚ ਹਰਭਜਨ ਸਿੰਘ ਨੇ ਪਿੰਡ ਸਹੂੰਗੜਾ ਦੇ ਛੱਪੜ ਦੀ ਸਫਾਈ ਦਾ ਕੰਮ ਸ਼ੁਰੂ ਕਰਵਾਇਆ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਕੁੱਝ ਦਿਨਾਂ ਬਾਅਦ ਸ਼ੁਰੂ ਹੋਣ ਵਾਲੀਆਂ ਬਰਸਾਤਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਪਿੰਡ ਸਹੂੰਗੜਾ ਦੀ ਪੰਚਾਇਤ ਵਲੋਂ ਪਿੰਡ ਦੇ ਗੰਦੇ ਪਾਣੀ ਵਾਲੇ ਛੱਪੜਾਂ ਦੀ ਸਫਾਈ ਦਾ ਸ਼ੁਰੂ ਕਰ ਦਿੱਤਾ ਹੈ। ਪਿੰਡ ਵਿੱਚ ਪੀਰ ਬਾਬਾ ਨੂਰੇ ਸ਼ਾਹ ਜੀ ਦੀ ਪਵਿੱਤਰ ਦਰਗਾਹ ਦੇ ਸਾਹਮਣੇ ਬਣੇ ਗੰਦੇ ਪਾਣੀ ਦੇ ਛੱਪੜ ਦਾ ਪਾਣੀ ਛੱਪੜ ਵਿੱਚ ਜ਼ਿਆਦਾ ਮਿੱਟੀ ਭਰਨ ਨਾਲ ਬਾਹਰ ਆਉਣਾ ਸ਼ੁਰੂ ਹੋ ਗਿਆ ਸੀ। ਜਿਸ ਦੀ ਸਫ਼ਾਈ ਜ਼ਿਆਦਾ ਜ਼ਰੂਰੀ ਬਣ ਗਈ ਸੀ। ਕੁੱਝ ਦਿਨਾਂ ਤੱਕ ਬਰਸਾਤ ਦਾ ਮੌਸਮ ਸ਼ੁਰੂ ਹੋ ਜਾਵੇਗਾ। ਜਿਸ ਨਾਲ ਛੱਪੜ ਦੀ ਸਮੱਸਿਆਂ ਹੋਰ ਵੱਡੀ ਬਣਨ ਦਾ ਖਤਰਾ ਬਣ ਗਿਆ ਸੀ।

ਸਮਾਜ ਵੀਕਲੀ ਨਿਊਜ਼

ਇਸ ਬਾਬਤ ਜਾਣਕਾਰੀ ਦਿੰਦਿਆਂ ਪਿੰਡ ਸਹੂੰਗੜਾ ਦੇ ਸਰਪੰਚ ਸਰਦਾਰ ਹਰਭਜਨ ਸਿੰਘ ਨੇ ਦੱਸਿਆ



ਕਿ ਅਗਲੇ ਮਹੀਨੇ ਪੀਰ ਬਾਬਾ ਨੂਰੇ ਸ਼ਾਹ ਜੀ ਦੀ ਦਰਗਾਹ ਤੇ ਸਲਾਨਾ ਮੇਲਾ ਵੀ ਹੋਵੇਗਾ। ਇਸ ਮੁਸ਼ਕਿਲ ਨੂੰ ਧਿਆਨ ਵਿੱਚ ਰੱਖਦਿਆਂ ਆਲੇ ਦੁਆਲੇ ਘਰਾਂ ਵਿੱਚ ਫੈਲ ਰਹੀ ਗੰਦਗੀ ਨੂੰ ਸਾਹਮਣੇ ਰੱਖਦਿਆਂ ਸਫਾਈ ਕਰਨਾ ਜ਼ਰੂਰੀ ਹੋ ਗਿਆ ਸੀ। ਬਰਸਾਤ ਦੇ ਮੌਸਮ ਕਰਕੇ ਛੱਪੜ ਵਿੱਚ ਪਾਣੀ ਜ਼ਿਆਦਾ ਹੋਣ ਕਰਕੇ ਨੇੜੇ ਦੇ ਘਰਾਂ ਦਾ ਨੁਕ-ਸਾਨ ਵੀ ਹੋ ਸਕਦਾ ਹੈ 'ਤੇ ਖੜਨ ਵਾਲੇ ਦੂਸ਼ਿਤ ਪਾਣੀ ਨਾਲ ਬਿਮਾਰੀਆਂ ਵੀ ਆਪਣੀ ਲਪੇਟ ਵਿੱਚ ਲੈਣ ਸਕਦੀਆਂ ਹਨ। ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਬਲਾਕ ਵਿਕਾਸ ਵਿਭਾਗ ਦੇ ਸਹਿਯੋਗ ਨਾਲ ਵੱਡੀਆਂ ਪੋਕਲੇਨ ਤੇ ਜੇ ਸੀ ਬੀ ਮਸ਼ੀਨਾਂ ਨਾਲ ਛੱਪੜ ਦੀ ਸਫਾਈ ਦਾ ਕੰਮ ਅੱਜ ਸ਼ੁਰੂ ਕੀਤਾ ਗਿਆ। ਇਸ ਮੌਕੇ ਪਿੰਡ ਦੇ ਸਰਪੰਚ ਸਰਦਾਰ ਹਰਭਜਨ ਸਿੰਘ, ਪੰਚ ਕੁਲਦੀਪ ਸਿੰਘ, ਪੇਂਟਰ ਬਗੀਚਾ ਸਿੰਘ, ਮਨਕਰਨ ਸਿੰਘ ਤੇ ਹੋਰ ਵੀ ਹਾਜ਼ਰ ਸਨ।

# ਦਰਗਾਹ ਹਜ਼ਰਤ ਬਾਬਾ ਨੌਗੱਜਾ ਪੀਰ ਦਾ 46ਵਾਂ ਸਲਾਨਾ ਜੋੜ ਮੇਲਾ ਕਰਵਾਇਆ ਗਿਆ

**ਸ਼ਹੀਦ ਭਗਤ ਸਿੰਘ ਨਗਰ (ਚਰਨਜੀਤ ਸੱਲ੍ਹਾ):–** ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮੁਕੰਦਪੁਰ ਰੋਡ ਤੇ ਸਥਿਤ ਦਰਗਾਹ ਹਜ਼ਰਤ ਬਾਬਾ ਨੌਗੱਜਾ ਪੀਰ ਜੀ ਦੇ ਪਵਿੱਤਰ ਦਰਬਾਰ ਤੇ ਸਵ: ਬਾਬਾ ਸੰਤ ਰਾਮ ਜੀ ਅਤੇ ਸਵ: ਸੰਤ ਬਾਬਾ ਮਦਨ ਸ਼ਾਹ ਜੀ ਦੇ ਆਸ਼ੀਰਵਾਦ ਸਦਕਾ ਗੱਦੀਨਸ਼ੀਨ ਸਾਈਂ ਪਵਨ ਵਿਰਦੀ ਦੀ ਯੋਗ ਅਗਵਾਈ ਵਿੱਚ 46 ਵਾਂ ਸਲਾਨਾ ਜੋੜ ਮੇਲਾ ਬਹੁਤ ਹੀ ਸ਼ਰਧਾ ਅਤੇ ਧੂਮ ਧਾਮ ਨਾਲ ਕਰਵਾਇਆ ਗਿਆ। ਮੇਲੇ ਦੇ ਪ੍ਰੋਗਰਾਮ ਤਹਿਤ ਸਵੇਰੇ ਝੰਡੇ ਦੀ ਰਸਮ ਅਦਾ ਕੀਤੀ ਗਈ। ਨੌਗੱਜਾ ਪੀਰ ਦੀ ਮਜਾਰ ਤੇ ਅਰਦਾਸ ਉਪਰੰਤ ਕਵਾਲੀਆਂ ਅਤੇ ਵੱਖ ਵੱਖ ਕਲਾਕਾਰਾਂ ਵੱਲੋਂ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਕਸ਼ਮੀਰ ਕਵਾਲ ਪਾਰਟੀ ਵਲੋਂ ਪ੍ਰੋਗਰਾਮ ਦੀ ਸ਼ੁਰੂਆਤ "ਯਹ ਜ਼ਿੰਦਗੀ ਕਿਆ ਹੈ,,,ਕਵਾਲੀ ਗਾ ਕੇ ਕੀਤੀ। ਇਸ ਉਪਰੰਤ ਉਨ੍ਹਾਂ "ਹਜ਼ੂਰ ਆਪ ਸਲਾਮਤ,,,, "ਤੇਰੇ ਦੀਦਾਰ ਕੇ ਆਗੇ ਰੌਸ਼ਨੀ ਕਯਾ ਹੈ,,,,,"ਅਲੀ ਦਾ ਨਾਅਰਾ ਮਾਰ ਛੱਡਣਾ,,,,"ਤੇਰਾ ਮੁਕਾਮ ਕਰ ਦਿਆ,,, ਆਦਿ ਕਵਾਲੀਆਂ ਸੁਣਾ ਕੇ ਫੱਕਰ ਫ਼ਕੀਰਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ।

ਸਮਾਜ ਵੀਕਲੀ ਨਿਊਜ਼

ਇਸ ਮੇਲੇ ਵਿੱਚ ਡਾ ਸੁੱਖਵਿੰਦਰ ਕੁਮਾਰ ਸੁੱਖੀ ਹਲਕਾ ਵਿਧਾਇਕ ਬੰਗਾ ਬਤੌਰ ਮੁੱਖ ਮਹਿਮਾਨ ਅਤੇ ਸੋਹਨ ਲਾਲ ਢੰਡਾ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਉਨ੍ਹਾਂ ਨੇ ਗੱਦੀ ਨਸ਼ੀਨ ਸਾਈਂ ਪਵਨ ਵਿਰਦੀ ਅਤੇ ਸਮੂਹ ਸੰਗਤ ਨੂੰ ਮੇਲੇ ਦੀਆਂ ਵਧਾਈਆਂ ਦਿੱਤੀਆਂ। ਪੰਜਾਬੀ ਕਲਾਕਾਰਾਂ ਦੇ ਪ੍ਰੋਗਰਾਮ ਵਿੱਚ ਰਾਣੀ ਰਣਦੀਪ ਅਤੇ ਮਿੰਦਰ ਖਾਨਪੁਰੀ ਦੀ ਜੋੜੀ ਨੇ "ਕਰੀਏ ਸਿਫਤ ਪੀਰਾਂ ਦੇ





ਪੀਰ ਦੀ,,,,, "ਮੈਨੂੰ ਪੀਰ ਦੀਆਂ ਹਰ ਦਮ ਆਉਂਦੀਆਂ ਯਾਦਾਂ, "ਪੀਰਾਂ ਨੂੰ ਮੰਨਦੇ ਨੇ ਹਿੰਦੂ ਮੁਸਲਿਮ ਸਾਰੇ,,,, ਆਦਿ ਗੀਤਾਂ ਨਾਲ ਖ਼ੂਬ ਰੰਗ ਬੰਨ੍ਹਿਆ।



ਇਸ ਉਪਰੰਤ ਰੇਖਾ ਬੰਗਾ, ਰਮਨਪ੍ਰੀਤ, ਲੱਕੀ ਬੌਸ, ਲੱਖਾ ਭਰੋਮਜਾਰਾ, ਦੀਦਾਰ ਮਜਾਰਾ, ਸ਼ਾਮਾ ਬਿੰਜੋ, ਸਾਬਰੀ ਖ਼ਾਨਪੁਰ ਆਦਿ ਨੇ ਵੀ ਇੱਕ ਇੱਕ ਗੀਤ ਨਾਲ ਹਾਜਰੀ ਲਗਵਾਈ। ਇਸ ਉਪਰੰਤ ਲੱਗਭੱਗ ਸਾਢੇ 5 ਵਜੇ ਗੋਪੀ ਨਕਾਲ ਪਾਰਟੀ ਲੁਧਿਆਣਾ ਵਾਲੇ ਨਕਲਾਂ ਦਾ ਪ੍ਰੋਗਰਾਮ ਪੇਸ਼ ਕਰ ਕੇ ਖ਼ੂਬ ਧਮਾਲਾਂ ਪਾਈਆਂ। ਸਟੇਜ ਸਕੱਤਰ ਦੀ ਭੂਮਿਕਾ ਕੁਲਰਾਜ ਮੁਹੰਮਦ ਖਾਨਖਾਨਾ ਵਲੋਂ ਬਾਖ਼ੂਬੀ ਨਿਭਾਈ ਗਈ। ਇਸ ਮੌਕੇ ਬੀਬੀ ਤਰਸੇਮ ਕੌਰ, ਕੌਂਸਲਰ ਕਵਿਤਾ ਅੱਬੀ, ਪ੍ਰਵੀਰ ਅੱਬੀ, ਜਗਤਾਰ ਸਿੰਘ ਸੁੰਡਾ ਮੈਂਬਰ ਬਲਾਕ ਸੰਮਤੀ, ਕਾਂਗਰਸ ਆਗੂ ਹਰਬੰਸ ਬਬਲੂ ਪੂਨੀਆਂ,ਗੁਰਵੰਸ਼, ਨਵੂ, ਪ੍ਰੀਤ ਚੱਕ ਕਲਾਲ, ਸਨੀ, ਸਤਨਾਮ ਸੰਧੂ, ਸਤਨਾਮ ਖਟਕੜ, ਬਲਦੀਸ਼ ਕੌਰ ਆਦਿ ਵੀ ਹਾਜਰ ਸਨ। ਇਸ ਮੌਕੇ ਠੰਢਿਆਂ ਦੀ ਛਬੀਲ ਅਤੇ ਪੀਰ ਜੀ ਦਾ ਲੰਗਰ ਅਤੁੱਟ ਵਰਤਾਇਆ ਗਿਆ।

# ਇਆਲੀ ਖੁਰਦ ਦੇ 21ਵੇਂ ਸਲਾਨਾ ਜੋੜ ਮੇਲੇ ਤੇ ਪੰਚਾਇਤ ਮੈਂਬਰ ਆਕਾਸ਼ਦੀਪ ਸਿੰਘ ਬੋਪਾਰਾਏ ਨੂੰ ਕੀਤਾ ਸਨਮਾਨਿਤ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਪੀਰ ਬਾਬਾ ਲੱਖਾਂ ਦਾ ਦਾਤਾ ਜੀ ਹਜਰਤ ਖਵਾਜਾ ਪੀਰ ਜੀ ਦਾ 21ਵਾਂ ਸਲਾਨਾ ਜੋੜ ਮੇਲਾ ਅਤੇ ਭੰਡਾਰਾ 16 ਜੂਨ ਨੂੰ ਬੜੀ ਧੂਮ ਧਾਮ ਨਾਲ ਇਆਲੀ ਖੁਰਦ ਦਸ਼ਮੇਸ਼ ਨਗਰ ਵਿਖੇ ਮਨਾਇਆ ਗਿਆ। ਮੁੱਖ ਸੇਵਾਦਾਰ ਦਵਿੰਦਰ ਸਿੰਘ ਨੇ ਦੱਸਿਆ ਕਿ ਸਿਮਰਪ੍ਰੀਤ ਸਿੰਘ ਸ਼ਾਹ ਜੀ ਅਤੇ ਸ਼ਾਹ ਧਲਵਿੰਦਰ ਜੀ ਵਲੋਂ ਚਿਰਾਗਾਂ ਤੇ ਚਾਦਰ ਦੀ ਰਸਮ ਅਤੇ ਝੰਡੇ ਦੀ ਰਸਮ ਸਵੇਰੇ 10 ਵਜੇ ਕੀਤੀ ਗਈ। ਇਸ ਮੌਕੇ ਹਰਦੇਵ ਸਿੰਘ ਬੋਪਾ ਰਾਏ ਸੂਬਾ ਪ੍ਰਧਾਨ ਮੀਮ ਭੀਮ ਖਾਲਸਾ ਸੰਗਠਨ ਨੇ ਦੱਸਿਆ ਕਿ 11 ਵਜੇ ਦਰਬਾਰ ਵਿਖੇ ਲੰਗਰ ਅਟੁੱਟ ਚੱਲੇਗਾ, ਸ਼ਾਮ ਨੂੰ 6 ਵਜੇ ਤੋਂ ਕੱਵਾਲ ਬੋਬੀ ਪ੍ਰਤਾਪ ਪੁਰੀਆ, ਸੇਮੀ ਗਿੱਲ, ਮੋਹਿਤ ਰਾਂਝਾ, ਫਰ ਮਾਸ ਪਾਰਟੀ ਪੀਰਾਂ ਦੇ ਗੁਣ ਗਾਣ ਕੀਤਾ। ਮੇਲੇ ਦੌਰਾਨ ਵਿਸ਼ੇਸ਼ ਤੌਰ ਤੇ ਪੰਚਾਇਤ ਮੈਂਬਰ ਆਕਾਸ਼ਦੀਪ ਸਿੰਘ





ਬੋਪਾਰਾਏ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਕਰਮਜੀਤ ਸਿੰਘ ਕੰਮੂ, ਜਸਵੀਰ ਸਿੰਘ ਸੀਰਾ, ਸਨੀ, ਆਕਾਸ਼ਦੀਪ ਸਿੰਘ ਬੋਪਾਰਾਏ ਪੰਚਾਇਤ ਮੈਂਬਰ, ਦਵਿੰਦਰ ਸਿੰਘ, ਗੁਰਿੰਦਰ ਸਿੰਘ, ਨਵਨੀਤ ਸਿੰਘ ਬੋਪ-ਰਾਏ ਨੀਤਾ, ਗਗਨਦੀਪ ਸਿੰਘ ਬੋਪਾਰਾਏ, ਗੁਰਿੰਦਰਜੀਤ ਸਿੰਘ, ਸੋਮਾ, ਜਗਰੂਪ ਸਿੰਘ, ਸਤਨਾਮ ਸਿੰਘ, ਨਵਦੀਪ ਸਿੰਘ ਬੋਪਾਰ-ਏ ਲੰਬੜਦਾਰ, ਘਨੱਈਆ, ਜਸ਼ਨ, ਹਰਬੰਸ ਸਿੰਘ, ਬਲਵੀਰ ਸਿੰਘ, ਜਸਵੀਰ ਸਿੰਘ, ਅਜੀਤ ਪਾਲ, ਗੁਰਦੀਪ ਸਿੰਘ, ਗਗਨਦੀਪ ਸਿੰਘ, ਪਰਮਜੀਤ ਸਿੰਘ ਪੰਮੀ ਬੋਪਾਰ-ਏ, ਕਸ਼ਮੀਰੀ ਲਾਲ, ਗੁਰਨਾਮ ਸਿੰਘ, ਹੈਪੀ, ਅਰਸ਼ਦੀਪ ਸਿੰਘ ਆਦਿ ਹਾਜ਼ਰ ਸਨ।

# ਸ੍ਰੀ ਅਕਾਲ ਤਖਤ ਸਾਹਿਬ ਤੋਂ ਗੁਰੂ ਦੋਖੀ ਅਤੇ ਪੰਥ ਵਿਰੋਧੀ ਕਰਾਰ ਦਿੱਤਾ ਭਗਵੰਤ ਮਾਨ ਬੇਅਦਬੀਆਂ ਕਰਨ ਦਾ ਆਦੀ, ਹੋਵੇ ਕਾਨੂੰਨੀ ਕਾਰਵਾਈ : ਸਿੰਗੜੀਵਾਲਾ

**ਹੁਸ਼ਿਆਰਪੁਰ 19 ਜੂਨ (ਤਰਸੇਮ ਦੀਵਾਨਾ)** - ਸ੍ਰੀ ਅਕਾਲ ਤਖਤ ਸਾਹਿਬ ਸਕੱਤਰਤ ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖਿਲਾਫ ਇਤਰਾਜਯੋਗ ਵੀਡੀਓ ਸ਼ਿਕਾਇਤ ਰੂਪ ਵਿੱਚ ਆਈ ਸੀ ਜਿਸ ਦੀ ਜਥੇਦਾਰ ਅਕਾਲ ਤਖਤ ਸਾਹਿਬ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਫੋਰੈਂਸਿਕ ਜਾਂਚ ਕਰਵਾਈ ਤੇ ਇਤਰਾਜਯੋਗ ਵੀਡੀਓ ਸੱਚੀ ਪਾਈ ਗਈ ਇਸ ਵਿਰੁੱਧ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਪੰਜ ਸਿੰਘ ਸਾਹਿਬਾਨ ਵੱਲੋਂ ਕਾਰਵਾਈ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਗੁਰੂ ਦੋਖੀ ਅਤੇ ਪੰਥ ਵਿਰੋਧੀ ਕਰਾਰ ਦਿੱਤਾ ਗਿਆ ਪਰ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਪਿਛਲੀਆਂ ਇਤਰਾਜ਼ਯੋਗ ਵੀਡੀਓ ਦੇਖਨ ਤੇ ਪਤਾ ਲੱਗਦਾ ਹੈ ਕਿ ਉਹ ਸਿੱਖ ਕੌਮ ਦਾ ਮਜਾਕ ਅਤੇ ਬੇਅਦਬੀਆਂ ਕਰਨ ਦਾ ਆਦੀ ਹੈ ਅਤੇ ਇਹਨਾਂ ਵਿਰੁੱਧ ਕਾਨੂੰਨੀ ਕਾਰਵਾਈ ਹੋਣੀ ਜਰੂਰੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਿੰਘ ਸਾਹਿਬਾਨ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਵਿਰੁੱਧ ਲਏ ਫੈਸਲੇ ਦਾ ਸਵਾਗਤ ਕਰਦਿਆਂ ਕੀਤਾ ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਹਿਲਾਂ ਇੱਕ ਸਟੇਜ ਤੇ ਪੰਜਾਬੀ ਕਲਾਕਾਰਾਂ ਸਾਹਮਣੇ ਸਿੱਖ ਕੌਮ ਦੇ ਦੋਹਰੇ ਰਾਜ ਕਰੇਗਾ ਖਾਲਸਾ



ਆਕੀ ਰਹੇ ਨਾ ਕੋਇ ਨੂੰ ਤੋਰ ਮਰੋੜ ਕੇ ਪੇਸ਼ ਕਰਕੇ ਘੋਰ ਅਪਮਾਨ ਕੀਤਾ ਸੀ ਇਸੇ ਤਰ੍ਹਾਂ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦਾ ਇਨਸਾਫ ਲੈਣ ਲਈ ਚੱਲ ਰਹੇ ਸੰਘਰਸ਼ ਸਮੇਂ ਬਰਗਾੜੀ ਸਟੇਜ ਤੇ ਭਗਵੰਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਹੁੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਚ ਸ਼ਰਾਬ ਪੀ ਕੇ ਪਹੁੰਚੇ ਅਤੇ ਬੇਅਦਵੀ ਕੀਤੀ ਇਸੇ ਤਰ੍ਹਾਂ ਹੋਰ ਵੀ ਬਹੁਤ ਜਨਤਕ ਥਾਵਾਂ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ਼ਰਾਬ ਪੀ ਕੇ ਜਾਂਦੇ ਰਹੇ ਇਸ ਲਈ ਇਹਨਾਂ ਵਿਰੁੱਧ ਲਿਆ ਗਿਆ ਫੈਸਲਾ ਸ਼ਲਾਘਾ ਯੋਗ ਹੈ ਅਤੇ ਇਹਨਾਂ ਖਿਲਾਫ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅੱਗੇ ਆ ਕੇ ਕਾਨੂੰਨੀ ਕਾਰਵਾਈ ਵੀ ਕਰਾਉਣੀ ਚਾਹੀਦੀ ਹੈ ਤਾਂ ਜੋ ਇਹੋ ਜਿਹੇ ਮਾਨਸਿਕ ਤੌਰ ਤੇ ਬਿਮਾਰ ਲੋਕਾਂ ਨੂੰ ਨੱਥ ਪਾਈ ਜਾ ਸਕੇ।

# ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਤੇ ਯੋਗਾ ਇੱਕ ਕਸਰਤ ਹੀ ਨਹੀਂ : ਦਿਲਬਾਗ ਸਿੰਘ ਬਾਗੀ



**ਬੰਗਾ 19 ਜੂਨ (ਚਰਨਜੀਤ ਸੱਲ੍ਹਾ)** ਅੰਤਰਰਾਸ਼ਟਰੀ ਯੋਗਾ ਦਿਵਸ ਦੇ ਮੌਕੇ 'ਤੇ ਰੋਟਰੀ ਕਲੱਬ ਬੰਗਾ ਗ੍ਰੀਨ ਦੇ ਪ੍ਰਧਾਨ ਰੋਟ. ਦਿਲਬਾਗ ਸਿੰਘ ਬਾਗੀ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਯੋਗਾ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਲਗਭਗ ਹਰ ਵਿਅਕਤੀ ਕਿਸੇ ਨਾ ਕਿਸੇ ਸਰੀਰਕ ਜਾਂ ਮਾਨਸਿਕ ਬਿਮਾਰੀ ਨਾਲ ਜੂਝ ਰਿਹਾ ਹੈ, ਜਿਸ ਦੇ ਮੁੱਖ ਕਾਰਨ ਸਰੀਰਕ ਗਤੀਵਿਧੀਆਂ ਦੀ ਘਾਟ, ਵਧਦਾ ਪ੍ਰਦੂਸ਼ਣ, ਤਣਾਅ ਭਰੀ ਜੀਵਨ ਸ਼ੈਲੀ ਅਤੇ ਗੈਰ-ਸੰਤੁਲਿਤ ਖਾਣ-ਪੀਣ ਦੀਆਂ ਆਦਤਾਂ ਹਨ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਪਣੀ ਰੋਜ਼ਾਨਾ ਖੁਰਾਕ ਵਿੱਚ ਖੰਡ, ਮੈਦਾ, ਵੱਧ ਨਮਕ ਅਤੇ ਰਿਫਾਇੰਡ ਤੇਲ ਦੀ ਵਰਤੋਂ ਘੱਟ ਕਰੀਏ, ਕੁਦਰਤੀ ਅਤੇ ਪੌਸ਼ਟਿਕ ਭੋਜਨ ਨੂੰ ਤਰਜੀਹ ਦੇਈਏ ਅਤੇ ਹਰ ਰੋਜ਼ ਕੁਝ ਸਮਾਂ ਯੋਗਾ, ਪ੍ਰਾਣਾਯਾਮ ਅਤੇ ਸੈਰ ਲਈ ਕੱਢੀਏ ਤਾਂ ਅਨੇਕਾਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਯੋਗਾ ਸਿਰਫ਼ ਇੱਕ ਕਸਰਤ ਨਹੀਂ, ਸਗੋਂ ਸਰੀਰ, ਮਨ ਅਤੇ ਆਤਮਾ ਨੂੰ ਤੰਦਰੁਸਤ ਰੱਖਣ ਵਾਲੀ ਇੱਕ ਸੰਪੂਰਨ ਜੀਵਨ-ਪੱਧਤੀ ਹੈ, ਜੋ ਮਨੁੱਖ ਨੂੰ ਤਣਾਅ ਤੋਂ ਮੁਕਤੀ, ਸਕਾਰਾਤਮਕ ਸੋਚ ਅਤੇ ਨਵੀਂ ਊਰਜਾ ਪ੍ਰਦਾਨ ਕਰਦੀ ਹੈ।

ਰੋਟ. ਦਿਲਬਾਗ ਸਿੰਘ ਬਾਗੀ ਨੇ ਕਿਹਾ ਕਿ ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਬੱਚਿਆਂ ਅਤੇ ਨੌਜਵਾਨ ਪੀੜ੍ਹੀ ਨੂੰ ਮੋਬਾਈਲਾਂ ਅਤੇ ਮਾੜੀਆਂ ਆਦਤਾਂ ਤੋਂ ਦੂਰ ਕਰਕੇ ਯੋਗਾ ਅਤੇ ਸਿਹਤਮੰਦ ਜੀਵਨ ਵੱਲ ਪ੍ਰੇਰਿਤ ਕਰੀਏ, ਕਿਉਂਕਿ ਇੱਕ ਤੰਦਰੁਸਤ ਵਿਅਕਤੀ ਹੀ ਆਪਣੇ ਪਰਿਵਾਰ, ਸਮਾਜ ਅਤੇ ਦੇਸ਼ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਪਾ ਸਕਦਾ ਹੈ। ਉਨ੍ਹਾਂ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਆਓ ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਇਹ ਸੰਕਲਪ ਲਈਏ ਕਿ ਅਸੀਂ ਯੋਗਾ, ਸੰਤੁਲਿਤ ਖੁਰਾਕ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਆਪਣੀ ਦਿਨਚਰਿਆ ਦਾ ਹਿੱਸਾ ਬਣਾਕੇ ਇੱਕ ਤੰਦਰੁਸਤ, ਖੁਸ਼ਹਾਲ, ਨਸ਼ਾ-ਮੁਕਤ ਅਤੇ ਰੋਗ-ਮੁਕਤ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਵਾਂਗੇ।

# ਵਿਦਿਆਰਥੀ ਅਤੇ ਹੋਰ ਜਮਹੂਰੀ ਕਾਰਕੁਨਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਕਰੇ ਜਾਂਚ ਏਜੰਸੀ - ਜਮਹੂਰੀ ਫਰੰਟ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਇੱਥੇ ਪ੍ਰੈੱਸ ਬਿਆਨ ਜਾਰੀ ਕਰਕੇ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਚੰਡੀਗੜ੍ਹ ਨੇ ਕੌਮੀ ਜਾਂਚ ਏਜੰਸੀ (ਐੱਨਆਈਏ) ਵੱਲੋਂ ਪੁਲਿਸ ਅਤੇ ਸੀ.ਆਰ.ਪੀ.ਐੱਫ. ਨੂੰ ਨਾਲ ਲੈ ਕੇ ਰੈਵੋਲੂਸ਼ਨਰੀ ਸਟੂਡੈਂਟਸ ਫਰੰਟ (ਆਰ.ਐੱਸ.ਐੱਫ.) ਪੱਛਮੀ ਬੰਗਾਲ ਦੇ ਜਨਰਲ ਸਕੱਤਰ ਤਥਾਗਤ ਰਾਏਚੌਧਰੀ, ਫੈਮਿਨਿਸਟਸ ਇਨ ਰਜ਼ਿਸਟੈਂਸ ਦੀ ਕਾਰਕੁਨ ਝਿਲਮ ਰਾਏ ਅਤੇ ਸੰਗਰਾਮੀ ਕਿਸਾਨ ਮੰਚ ਦੇ ਕਾਰਕੁਨ ਤੇ ਅਧਿਆਪਕ ਸੁਕੁਮਾਰ ਕਾਇਲ ਘਰ ਛਾਪੇਮਾਰੀ ਕਰਨ, ਲੋਕਪੱਖੀ ਸਾਹਿਤ ਕਬਜ਼ੇ ਵਿਚ ਲੈਣ ਅਤੇ ਤਥਾਗਤ ਨੂੰ ਝਾਰਖੰਡ ਵਿਚ ਪੁੱਛਗਿੱਛ ਲਈ ਹਾਜ਼ਰ ਹੋਣ ਦਾ ਹੁਕਮ ਸੁਣਾਉਣ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ



ਹੈ। ਕੁਦਰਤੀ ਵਸੀਲਿਆਂ ਦੀ ਧਾੜਵੀ ਲੁੱਟ ਦੇ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਜਮਹੂਰੀ ਕਾਰਕੁਨਾਂ ਨੂੰ ਡਰਾਉਣ ਅਤੇ ਚੁੱਪ ਕਰਵਾਉਣ ਲਈ ਇਹ ਛਾਪੇਮਾਰੀਆਂ ਸਿਵਲ ਸੁਸਾਇਟੀ ਨੂੰ 'ਸ਼ਹਿਰੀ ਨਕਸਲੀ' ਦਾ ਠੱਪਾ ਲਾ ਕੇ ਦਬਾਉਣ ਦੇ ਭਾਜਪਾ ਦੇ ਬਾਕਾਇਦਾ ਏਜੰਡੇ ਦੇ ਤਹਿਤ ਹਨ। ਅਜਿਹੀਆਂ ਛਾਪੇਮਾਰੀਆਂ ਲੋਕਾਂ ਵਿੱਚ ਸੱਤਾ ਦਾ ਖ਼ੌਫ਼ ਪੈਦਾ ਕਰਦੀਆਂ ਹਨ ਅਤੇ ਇਹ ਉਨ੍ਹਾਂ ਦੇ ਜਥੇਬੰਦ ਹੋਣ, ਸੱਤਾ ਦੀਆਂ ਨੀਤੀਆਂ ਨਾਲ ਅਸਹਿਮਤੀ ਪ੍ਰਗਟਾਉਣ ਅਤੇ ਲੋਕਪੱਖੀ ਰਾਜਨੀਤੀ ਦੀ ਗੱਲ ਕਰਨ ਦੇ ਬੁਨਿਆਦੀ ਜਮਹੂਰੀ ਅਧਿਕਾਰਾਂ 'ਤੇ ਸਿੱਧਾ ਹਮਲਾ ਹਨ। ਇਹ ਦਰਅਸਲ ਜਮਹੂਰੀ ਆਵਾਜ਼ਾਂ ਨੂੰ ਕਾਲੇ ਕਾਨੂੰਨ ਯੂ.ਏ.ਪੀ.ਏ ਦੇ ਤਹਿਤ ਝੂਠੇ ਕੇਸਾਂ ਵਿਚ ਜੇਲ੍ਹਾਂ ਵਿਚ ਸਾੜਨ ਦਾ ਖ਼ੌਫ਼ ਪੈਦਾ ਕਰਕੇ ਚੁੱਪ ਕਰਨ ਦੀ ਸਾਜ਼ਿਸ਼ ਹੈ ਤਾਂ ਜੋ ਭਾਜਪਾ ਦੀ ਲੋਕ ਵਿਰੋਧੀ ਨੀਤੀਆਂ ਦੇ ਖ਼ਿਲਾਫ਼ ਕੋਈ ਆਵਾਜ਼ ਉਠਾਉਣ ਦੀ ਹਿੰਮਤ ਨਾ ਕਰੇ। ਭਗਵਾ ਹਕੂਮਤ ਉਨ੍ਹਾਂ ਸਾਰਿਆਂ ਨੂੰ ਖ਼ਾਮੋਸ਼ ਕਰਨਾ ਚਾਹੁੰਦੀ ਹੈ ਜੋ ਆਰਐੱਸਐੱਸ-ਭਾਜਪਾ ਦੀ ਪਾਟਕਪਾਊ ਫਿਰਕੂ ਵਿਚਾਰਧਾਰਾ ਅਤੇ ਕਾਰਪੋਰੇਟ ਹਿਤੈਸ਼ੀ ਆਰਥਕ ਨੀਤੀਆਂ ਦਾ ਵਿਰੋਧ ਕਰਦੇ ਹਨ ਅਤੇ ਲੋਕਪੱਖੀ ਰਾਜਨੀਤਕ ਤਬਦੀਲੀ ਲਿਆਉਣ ਦੀ ਲੋੜ ਬਾਰੇ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਦੇ ਹਨ। ਉਨ੍ਹਾਂ ਮੰਗ ਕੀਤੀ ਕਿ ਕਥਿਤ "ਮਾਓਵਾਦੀ ਸਾਜ਼ਿਸ਼" ਦੇ ਤਹਿਤ ਨਿਸ਼ਾਨਾ ਬਣਾਏ ਜਾ ਰਹੇ ਵਿਦਿਆਰਥੀ ਅਤੇ ਹੋਰ ਜਮਹੂਰੀ ਕਾਰਕੁਨਾਂ ਨੂੰ ਤੰਗ-ਪਰੇਸ਼ਾਨ ਕਰਨਾ ਬੰਦ ਕੀਤਾ ਜਾਵੇ; ਜਾਂਚ ਏਜੰਸੀਆਂ ਹਕੂਮਤ ਦਾ ਸੰਦ ਬਣਕੇ ਹਕੂਮਤੀ ਦਹਿਸ਼ਤ ਪਾਉਣਾ ਬੰਦ ਕਰਨ ਅਤੇ ਜਾਬਰ ਕੌਮੀ ਜਾਂਚ ਏਜੰਸੀ ਭੰਗ ਕੀਤੀ ਜਾਵੇ। ਫਰੰਟ ਨੇ ਸਮੂਹ ਲੋਕਪੱਖੀ, ਜਮਹੂਰੀ ਤਾਕਤਾਂ ਨੂੰ ਇਸ ਹਮਲੇ ਵਿਰੁੱਧ ਮਜ਼ਬੂਤ ਵਿਰੋਧ ਲਹਿਰ ਖੜ੍ਹੀ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਹੈ।

# ਬੇਗਮਪੁਰਾ ਟਾਈਗਰ ਫੋਰਸ ਨੇ ਪਟਿਆਲਾ ਵਿਖੇ ਹੋਏ ਲਾਠੀਚਾਰਜ ਦੇ ਵਿਰੋਧ ਵਿੱਚ ਮੁੱਖ ਮੰਤਰੀ ਦੇ ਨਾਂਮ ਤੇ ਭੇਜਿਆ ਮੰਗ ਪੱਤਰ

## ਡੀ.ਐਸ.ਪੀ. ਸੰਜੀਵ ਸਿੰਗਲਾ ਨੂੰ ਤੁਰੰਤ ਨੌਕਰੀ ਤੋਂ ਬਰਖ਼ਾਸਤ ਕੀਤਾ ਜਾਵੇ : ਬੰਟੀ ਹਰਿਆਣਾ

**ਹੁਸ਼ਿਆਰਪੁਰ,19 ਜੂਨ (ਤਰਸੇਮ ਦੀਵਾਨਾ) –** ਆਪਣੇ ਹੱਕਾਂ ਅਤੇ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਪਟਿਆਲਾ ਵਿਖੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਬੇਰੁਜ਼ਗਾਰ ਅਪ੍ਰੈਂਟਿਸ ਲਾਈਨਮੈਨਾਂ 'ਤੇ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਅੰਨ੍ਹੇਵਾਹ ਲਾਠੀਚਾਰਜ ਦੇ ਵਿਰੋਧ ਵਿੱਚ 'ਬੇਗਮਪੁਰਾ ਟਾਈਗਰ ਫੋਰਸ' ਦੇ ਹਲਕਾ ਸ਼ਾਮ ਚੁਰਾਸੀ ਦੇ ਪ੍ਰਧਾਨ ਬੰਟੀ ਹਰਿਆਣਾ ਦੀ ਪ੍ਰਧਾਨਗੀ ਹੇਠ ਤਹਿਸੀਲ ਭੂੰਗਾ ( ਹੁਸ਼ਿਆਰਪੁਰ ) ਦੇ ਨਾਇਬ ਤਹਿਸੀਲਦਾਰ ਰਾਜ ਕੁਮਾਰ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਇੱਕ ਮੰਗ ਪੱਤਰ ਭੇਜਿਆ ਗਿਆ। ਮੰਗ ਪੱਤਰ ਵਿੱਚ ਫੋਰਸ ਨੇ ਇਸ ਘਟਨਾ ਲਈ ਜ਼ਿੰਮੇਵਾਰ ਡੀ.ਆਈ.ਜੀ. ਰੇਂਜ ਪਟਿਆਲਾ, ਐਸ.ਐਸ.ਪੀ.ਪਟਿਆਲਾ ਡੀ ਐਸ ਪੀ ਸੰਜੀਵ ਸਿੰਗਲਾ ਪਟਿਆਲਾ, ਅਤੇ ਐਸ.ਡੀ.ਐਮ. ਪਟਿਆਲਾ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਨੇ ਦੱਸਿਆ ਕਿ ਪਟਿਆਲਾ ਪੁਲਿਸ ਦੇ ਡੀ.ਐਸ.ਪੀ. ਸੰਜੀਵ ਸਿੰਗਲਾ ਅਤੇ ਉਨ੍ਹਾਂ ਦੇ ਮੁਲਾਜ਼ਮਾਂ ਵੱਲੋਂ ਬੇਰੁਜ਼ਗਾਰਾਂ ਨਾਲ ਅਣਮਨੁੱਖੀ ਸਲੂਕ ਕੀਤਾ ਗਿਆ ਹੈ, ਜਿਸ ਨੇ ਸੂਬੇ ਦੇ ਹਰ ਸੰਵੇਦਨਸ਼ੀਲ ਵਿਅਕਤੀ ਦੀ ਰੂਹ ਨੂੰ ਕੰਬਾ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਕਿ ਸਬੰਧਤ ਅਧਿਕਾਰੀਆਂ ਖ਼ਿਲਾਫ਼ ਮਾਨਯੋਗ ਹਾਈਕੋਰਟ ਅਤੇ ਮਾਨਵ ਅਧਿਕਾਰ ਕਮਿਸ਼ਨ (Humani Rghts Comimsison) ਵਿੱਚ ਨਾਮਜ਼ਦ (By Name) ਕੇਸ ਦਰਜ ਕੀਤੇ ਜਾਣ। ਉਨ੍ਹਾਂ ਦੋਸ਼ ਲਾਇਆ ਕਿ ਲਾਠੀਚਾਰਜ ਦੌਰਾਨ ਇੱਕ ਪੁਲਿਸ ਮੁਲ-ਾਜ਼ਮ ਨੇ ਨੌਜਵਾਨ ਦਾ ਮੋਬਾਈਲ ਫੋਨ ਖੋਹ ਲਿਆ ਸੀ। ਜਦੋਂ ਉਸ ਨੇ ਫੋਨ



ਵਾਪਸ ਮੰਗਿਆ, ਤਾਂ ਡੀ.ਐਸ.ਪੀ. ਸੰਜੀਵ ਸਿੰਗਲਾ ਨੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ, ਜੋ ਕਿ ਸਰਾਸਰ ਮਨੁੱਖੀ ਅਧਿਕਾਰਾਂ ਦਾ ਘਾਣ ਹੈ। ਆਗੂਆ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਚੋਣਾਂ ਵੇਲੇ ਕੀਤੇ ਵਾਅਦੇ ਯਾਦ ਕਰਵਾਉਂਦਿਆਂ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਭਗਵੰਤ ਮਾਨ ਦਾਅਵੇ ਕਰਦੇ ਸਨ ਕਿ ਉਨ੍ਹਾਂ ਦੀ ਸਰਕਾਰ ਆਉਣ 'ਤੇ ਕਿਸੇ ਨੂੰ ਧਰਨੇ ਨਹੀਂ ਲਾਉਣੇ ਪੈਣਗੇ ਅਤੇ 'ਹਰੇ ਪੈਨ' ਨਾਲ ਨੌਕਰੀਆਂ ਦੀ ਬੌਛਾਰ ਕੀਤੀ ਜਾਵੇਗੀ। ਪਰ ਅੱਜ ਹਰੇ ਪੈਨ ਦੀ ਜਗ੍ਹਾ ਬੇਰੁਜ਼ਗਾਰਾਂ ਨੂੰ ਪੁਲਿਸ ਦੀਆਂ ਲਾਠੀਆਂ ਮਿਲ ਰਹੀਆਂ ਹਨ। ਉਨ੍ਹਾਂ ਮੁੱਖ ਮੰਤਰੀ ਦੀ ਚੁੱਪੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਘਟਨਾ ਨੂੰ ਕਈ ਦਿਨ ਬੀਤ ਜਾਣ ਦੇ ਬਾਵਜੂਦ ਸਰਕਾਰ ਵੱਲੋਂ ਕੋਈ ਬਿਆਨ ਨਾ ਆਉਣਾ ਬੇਹੱਦ ਨਿੰਦਣਯੋਗ ਹੈ।

ਉਹਨਾ ਕਿਹਾ ਕਿ "ਭਾਰਤ ਇੱਕ ਲੋਕਤੰਤਰ ਦੇਸ਼ ਹੈ, ਜਿੱਥੇ ਹਰ ਨਾਗਰਿਕ ਨੂੰ ਆਪਣੇ ਹੱਕਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਸੰਵਿਧਾਨਕ ਅਧਿਕਾਰ ਹੈ। ਪ੍ਰਦਰਸ਼ਨਕਾਰੀ ਨੌਜਵਾਨ ਕੋਈ ਅੱਤਵਾਦੀ ਨਹੀਂ ਹਨ, ਉਹ ਪੜ੍ਹ-ਲਿਖ ਕੇ ਸਿਰਫ਼ ਰੁਜ਼ਗਾਰ ਮੰਗ ਰਹੇ ਹਨ ਕੀ ਸਰਕਾਰ ਕੋਲੋਂ ਰੁਜ਼ਗਾਰ ਮੰਗਣਾ ਗੁਨਾਹ ਹੈ?"ਪੁਲਿਸ ਪ੍ਰਸ਼ਾਸਨ 'ਤੇ ਦੋਹਰੀ ਨੀਤੀ ਦਾ ਦੋਸ਼ ਲਾਉਂਦਿਆਂ ਫੋਰਸ ਦੇ ਆਗੂਆਂ ਨੇ ਭਾਜਪਾ ਆਗੂ ਰਵਨੀਤ ਬਿੱਟੂ ਦੀ ਪਿਛਲੀ ਘਟਨਾ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਰਵਨੀਤ ਬਿੱਟੂ ਨੇ ਐੱਸ.ਐੱਸ.ਪੀ. ਨੂੰ ਸ਼ਰੇਆਮ ਧਮਕਾਇਆ ਸੀ, ਉਦੋਂ ਪੁਲਿਸ ਦੀ ਲਾਠੀ ਅਤੇ ਜ਼ੁਬਾਨ ਕਿਉਂ ਬੰਦ ਸੀ? ਪੁਲਿਸ ਪ੍ਰਸ਼ਾਸਨ ਸਿਰਫ਼ ਗਰੀਬ ਅਤੇ ਬੇਸਹਾਰਾ ਨੌਜਵਾਨਾਂ 'ਤੇ ਹੀ ਆਪਣੀ ਵਰਦੀ ਦਾ ਰੋਅਬ ਪਾਉਂਦਾ ਹੈ, ਜਦਕਿ ਸਿਆਸੀ ਆਗੂਆਂ ਸਾਹਮਣੇ ਬੇਵੱਸ ਹੋ ਜਾਂਦਾ ਹੈ। ਨਿਹੱਥੇ ਨੌਜਵਾਨਾਂ 'ਤੇ ਵਰ੍ਹਾਈਆਂ ਗਈਆਂ ਇਹ ਡਾਂਗਾਂ ਮੌਜੂਦਾ ਸਰਕਾਰ ਦੀ ਪੁੱਠੀ ਗਿਣਤੀ ਦੀ ਸ਼ੁਰੂਆਤ ਹਨ। ਆਗੂਆ ਨੇ ਕਿਹਾ ਕਿ ਐਸ.ਡੀ.ਐਮ. ਪਟਿਆਲਾ ਵੱਲੋਂ ਲਾਠੀਚਾਰਜ ਦੇ ਦਿੱਤੇ ਗਏ ਹੁਕਮਾਂ (ਆਰਡਰਾਂ) ਦੀ ਕਾਪੀ ਤੁਰੰਤ ਜਨਤਕ ਕੀਤੀ ਜਾਵੇ। ਅਤੇ ਡੀ.ਐਸ.ਪੀ. ਸੰਜੀਵ ਸਿੰਗਲਾ ਨੂੰ ਬਿਨਾਂ ਕਿਸੇ ਦੇਰੀ ਦੇ ਤੁਰੰਤ ਨੌਕਰੀ ਤੋਂ ਬਰਖ਼ਾਸਤ (ਧਿਸਮਿਸਸ) ਕੀਤਾ ਜਾਵੇ। ਉਹਨਾਂ ਕਿਹਾ ਕਿ ਇਸ ਹਿੰਸਕ ਕਾਰਵਾਈ ਵਿੱਚ ਸ਼ਾਮਲ ਬਾਕੀ ਪੁਲਿਸ ਮੁਲਾਜ਼ਮਾਂ ਅਤੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਤੁਰੰਤ ਬਣਦੀਆਂ ਧਾਰਾਵਾਂ ਤਹਿਤ ਐਫ.ਆਈ.ਆਰ. (ਢੀ੍) ਦਰਜ ਕਰਕੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਮਨ ਕੁਮਾਰ, ਸੁਖਵਿੰਦਰ ਸਿੰਘ, ਬਲਵੀਰ ਸਿੰਘ ਆਦਿ ਹਾਜ਼ਰ ਸਨ !

# ਦੇਸ਼ ਜੋੜੋ ਯਾਤਰਾ ਰਾਹੀਂ ਨਫ਼ਰਤ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਰਾਹੁਲ ਗਾਂਧੀ ਨੌਜਵਾਨਾਂ ਦੇ ਪ੍ਰੇਰਨਾ ਸਰੋਤ : ਐਡਵੋਕੇਟ ਰੋਹਿਤ ਜੋਸ਼ੀ

## ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ਜਨਮ ਦਿਨ ਤੇ ਦਿੱਤੀਆਂ ਸ਼ੁਭਕਾਮਨਾਵਾਂ

**ਹੁਸ਼ਿਆਰਪੁਰ,19 ਜੂਨ (ਤਰਸੇਮ ਦੀਵਾਨਾ ) –** ਆਲ ਇੰਡੀਆ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ਜਨਮ ਦਿਨ ਦੇ ਸ਼ੁਭ ਅਵਸਰ 'ਤੇ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਤੋਂ ਸੀਨੀਅਰ ਕਾਂਗਰਸੀ ਨੇਤਾ ਐਡਵੋਕੇਟ ਰੋਹਿਤ ਜੋਸ਼ੀ ਨੇ ਉਨ੍ਹਾਂ ਨੂੰ ਹਾਰਦਿਕ ਮੁਬਾਰਕਬਾਦ ਦਿੱਤੀ। ਇਸ ਮੌਕੇ ਸਾਥੀਆਂ ਸਹਿਤ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਰਾਹੁਲ ਗਾਂਧੀ ਦੀ ਲੰਮੀ ਉਮਰ ਅਤੇ ਚੰਗੀ ਸਿਹਤ ਦੀ ਕਾਮਨਾ ਕੀਤੀ।

ਐਡਵੋਕੇਟ ਰੋਹਿਤ ਜੋਸ਼ੀ ਨੇ ਕਿਹਾ ਕਿ ਰਾਹੁਲ ਗਾਂਧੀ ਅੱਜ ਦੇ ਸਮੇਂ ਵਿੱਚ ਕਰੋੜਾਂ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਬਣ ਚੁੱਕੇ ਹਨ। ਉਨ੍ਹਾਂ ਪੂਰੇ ਦੇਸ਼ ਵਿੱਚ ਪੈਦਲ ਯਾਤਰਾ ਕਰਕੇ 'ਭਾਰਤ ਜੋੜੋ ਯਾਤਰਾ' (ਦੇਸ਼ ਜੋੜੋ ਯਾਤਰਾ) ਦੇ ਮਾਧਿਅਮ ਰਾਹੀਂ ਦੇਸ਼ ਵਾਸੀਆਂ



ਨੂੰ ਆਪਸੀ ਭਾਈਚਾਰੇ ਅਤੇ ਮੁਹੱਬਤ ਦਾ ਸੰਦੇਸ਼ ਦਿੱਤਾ ਹੈ। ਇਸ ਇਤਿਹਾਸਕ ਯਾਤਰਾ ਨੇ ਦੇਸ਼ ਦੀ ਸਿਆਸਤ ਵਿੱਚ ਇੱਕ ਨਵੀਂ ਕ੍ਰਾਂਤੀ ਲਿਆਂਦੀ ਹੈ ਅਤੇ ਲੋਕਾਂ ਨੂੰ ਨਫ਼ਰਤ ਦੀ ਰਾਜਨੀਤੀ ਖ਼ਿਲਾਫ਼ ਇੱਕਜੁੱਟ ਕੀਤਾ ਹੈ। ਰਾਹੁਲ ਗਾਂਧੀ ਦੀ ਨਿਡਰ ਲੀਡਰਸ਼ਿਪ ਦੀ ਸ਼ਲਾਘਾ ਕਰਦਿਆਂ ਐਡਵੋਕੇਟ ਜੋਸ਼ੀ ਨੇ ਕਿਹਾ ਕਿ ਜਿੱਥੇ ਅੱਜ ਵਿਰੋਧੀ ਆਗੂ ਕੇਂਦਰੀ ਏਜੰਸੀਆਂ ਦੇ ਡਰੋਂ ਚੁੱਪ ਹੋ ਜਾਂਦੇ ਹਨ, ਉੱਥੇ ਹੀ ਰਾਹੁਲ ਗਾਂਧੀ ਈ.ਡੀ. (ਇਨਫੋਰਸਮੈਂਟ ਡਾਇਰੈਕਟੋਰੇਟ) ਅਤੇ ਕੇਂਦਰ ਸਰਕਾਰ ਦੇ ਹਰ ਦਬਾਅ ਵਿਰੁੱਧ ਹਿੱਕ ਤਾਣ ਕੇ ਡੱਟੇ ਰਹੇ। ਉਨ੍ਹਾਂ ਕਦੇ ਵੀ ਝੁਕਣਾ ਸਵੀਕਾਰ ਨਹੀਂ ਕੀਤਾ। ਉਹਨਾਂ ਕਿਹਾ ਕਿ ਰਾਹੁਲ ਗਾਂਧੀ ਦੇਸ਼ ਦੇ ਇੱਕੋ-ਇੱਕ ਅਜਿਹੇ ਨਿਡਰ ਆਗੂ ਹਨ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਜੁਮਲੇਬਾਜ਼ੀ ਖ਼ਿਲਾਫ਼ ਸੜਕ ਤੋਂ ਲੈ ਕੇ ਸੰਸਦ ਤੱਕ ਖੁੱਲ੍ਹ ਕੇ ਜਵਾਬ ਦਿੰਦੇ ਹਨ ਅਤੇ ਦੇਸ਼ ਦੇ ਗਰੀਬਾਂ, ਮਜ਼ਦੂਰਾਂ, ਕਿਸਾਨਾਂ ਤੇ ਨੌਜਵਾਨਾਂ ਦੀ ਆਵਾਜ਼ ਬਣਦੇ ਹਨ। ਐਡਵੋਕੇਟ ਰੋਹਿਤ ਜੋਸ਼ੀ ਨੇ ਅਖੀਰ ਵਿੱਚ ਕਿਹਾ ਕਿ ਅੱਜ ਪੂਰੇ ਦੇਸ਼ ਦੇ ਕਾਂਗਰਸ ਵਰਕਰਾਂ ਵਿੱਚ ਰਾਹੁਲ ਗਾਂਧੀ ਦੇ ਜਨਮ ਦਿਨ ਨੂੰ ਲੈ ਕੇ ਭਾਰੀ ਉਤਸ਼ਾਹ ਹੈ। ਦੇਸ਼ ਨੂੰ ਇਸ ਸਮੇਂ ਰਾਹੁਲ ਗਾਂਧੀ ਵਰਗੇ ਦੂਰਅੰਦੇਸ਼ੀ ਅਤੇ ਇਮਾਨਦਾਰ ਆਗੂ ਦੀ ਸਖ਼ਤ ਲੋੜ ਹੈ, ਜੋ ਸੰਵਿਧਾਨ ਅਤੇ ਲੋਕਤੰਤਰ ਦੀ ਰੱਖਿਆ ਲਈ ਲਗਾਤਾਰ ਸੰਘਰਸ਼ ਕਰ ਰਹੇ ਹਨ।

# ਸ਼ਾਨਦਾਰ ਨਤੀਜੇ ਹਾਸਿਲ ਕਰਨ 'ਤੇ ਖਾਲਸਾ ਕਾਲਜ ਮਾਹਿਲਪੁਰ ਦੇ ਐਮ ਐਸ ਸੀ ( ਆਈ ਟੀ) ਕੋਰਸ ਦੀਆਂ ਵਿਦਿਆਰਥਣਾਂ ਸਨਮਾਨਿਤ

**ਹੁਸ਼ਿਆਰਪੁਰ /ਮਾਹਿਲਪੁਰ 19 ਜੂਨ ( ਤਰਸੇਮ ਦੀਵਾਨਾ ) –** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਕੰਪਿਊਟਰ ਵਿਭਾਗ ਵਿੱਚ ਚੱਲਦੇ ਕੋਰਸ ਐਮਐਸਸੀ (ਆਈਟੀ) ਦੇ ਚੌਥੇ ਸਮੈਸਟਰ ਦੇ ਨਤੀਜੇ ਵਿੱਚ ਵਿਦਿਆਰਥਣ ਮਨਜੋਤ ਸੈਣੀ ਨੇ 90 ਫੀਸਦੀ ਅੰਕ ਪ੍ਰਾਪਤ ਕਰਕੇ ਪੰਜਾਬ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚੋਂ ਦੂਜਾ ਸਥਾਨ ਪ੍ਰਾਪਤ ਕਰਕੇ ਸੰਸਥਾ ਦਾ ਨਾਮ ਰੋਸ਼ਨ ਕੀਤਾ । ਇਸ ਮੌਕੇ ਕਰਵਾਏ ਸਨਮਾਨ ਸਮਾਰੋਹ ਵਿੱਚ ਵਿਦਿਆਰਥਣ ਮਨਜੋਤ ਸੈਣੀ ਨੂੰ ਸਿੱਖ ਐਜੂਕੇਸ਼ਨਲ ਕੌਂਸਲ ਦੇ ਖਜ਼ਾਨਚੀ ਵੀਰਿੰਦਰ ਸ਼ਰਮਾ,ਖੇਡ ਪ੍ਰਮੋਟਰ ਪ੍ਰਿੰਸੀਪਲ ਜਗਮੋਹਨ ਸਿੰਘ, ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ, ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ ਗੁਰਪ੍ਰੀਤ



ਕੌਰ ਅਤੇ ਸਟਾਫ਼ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਇਸੇ ਕੋਰਸ ਵਿੱਚ ਕਾਲਜ ਪੱਧਰ 'ਤੇ ਦੂਜੇ ਅਤੇ ਤੀਜੇ ਸਥਾਨ 'ਤੇ ਆਏ ਵਿਦਿਆਰਥੀਆਂ ਨੂੰ ਵੀ ਸਨਮਾਨਿਆ ਗਿਆ। ਇਹ ਮੌਕੇ ਸ੍ਰੀ ਵੀਰਇੰਦਰ ਸ਼ਰਮਾ ਨੇ ਵਿਦਿਆਰਥੀਆਂ ਨੂੰ ਇਸ ਨਤੀਜੇ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਗੱਲ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾਕਟਰ ਪਰਵਿੰਦਰ ਸਿੰਘ ਅਤੇ ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਵਿਦਿਆਰਥਣ ਮਨਜੋਤ ਸੈਣੀ ਨੇ 90 ਫੀਸਦੀ ਅੰਕਾਂ ਨਾਲ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥਣ ਸਿਮਰਨ ਨੇ 84 ਫੀਸਦੀ ਅੰਕਾਂ ਨਾਲ ਕਾਲਜ ਵਿੱਚੋਂ ਦੂਜਾ ਅਤੇ ਨਮਰਿਤਾ ਨੇ 83.9 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ। ਸਨਮਾਨ ਮੌਕੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਪੁਸਤਕਾਂ ਦੇ ਸੈੱਟ ਪ੍ਰਦਾਨ ਕੀਤੇ ਗਏ। ਇਸ ਦੌਰਾਨ ਪ੍ਰਿੰਸੀਪਲ ਸਮੇਤ ਕੰਪਿਊਟਰ ਵਿਭਾਗ ਦੇ ਸਮੂਹ ਅਧਿਆਪਕਾਂ ਅਤੇ ਹਾਜ਼ਰ ਸਟਾਫ ਮੈਂਬਰਾਨ ਨੇ ਇਨਾਂ ਵਿਦਿਆਰਥੀਆਂ ਨੂੰ ਸ਼ਾਨਦਾਰ ਨਤੀਜੇ ਲਈ ਸ਼ੁੱਭ ਕਾਮਨਾਵਾਂ ਦਿੱਤੀਆ।

ਫੋਟੋ ਅਜਮੇਰ ਦੀਵਾਨਾ

# ਐਸ.ਆਈ.ਆਰ ਵਿੱਚ ਕੰਮ ਕਰ ਰਹੇ ਬੀ.ਐਲ.ਓਜ਼ ਨੂੰ ਵੱਖਰਾ ਮਿਹਨਤਾਨਾ ਦਿੱਤਾ ਜਾਵੇ- ਅਧਿਆਪਕ ਦਲ ਪੰਜਾਬ

## ● ਹਰੇਕ ਵੋਟਰ ਦਾ ਰਿਕਾਰਡ ਇਕੱਤਰ ਕਰ ਕੇ ਐਪ ਤੇ ਦਰਜ ਕਰਨਾ ਕਾਫ਼ੀ ਕਠਿਨ ● ਜਨ ਗਣਨਾ ਅਤੇ ਡਰਗ ਸੈਂਸਜ ਕਰਨ ਵਾਲੇ ਕਰਮਚਾਰੀਆਂ ਦੀ ਤਰਜ਼ ਤੇ ਬੀ.ਐਲ.ਓਜ਼ ਨੂੰ ਵੀ ਢੁਕਵੀਂ ਰਾਸ਼ੀ ਦਿੱਤੀ ਜਾਵੇ

**ਕਪੂਰਥਲਾ, 19 ਜੂਨ ( ਵਿਸੇਸ ਪ੍ਰਤੀਨਿਧ )–** ਭਾਰਤੀ ਚੋਣ ਕਮਿਸ਼ਨ ਵਲੋਂ ਪੰਜਾਬ ਵਿੱਚ 25 ਜੂਨ ਤੋਂ 25 ਜੁਲਾਈ ਤੱਕ ਐਸ ਆਈ ਆਰ( ਵਿਸ਼ੇਸ਼ ਗਹਿਰੀ ਸੁਧਾਈ) ਕਰਵਾਈ ਜਾ ਰਹੀ ਹੈ ਜਿਸ ਵਿੱਚ ਹਰੇਕ ਬੀ ਐਲ ਓ ਵਲੋ ਆਪਣੇ ਆਪਣੇ ਬੂਥ ਅਧੀਨ ਪੈਂਦੇ ਇਲਾਕੇ ਦੇ ਹਰੇਕ ਵੋਟਰ ਤੱਕ ਪਹੁੰਚ ਕਰਕੇ ਯੋਗ ਵੋਟਰਾਂ ਦੀ ਰਜਿਸਟਰੇਸ਼ਨ ਯਕੀਨੀ ਬਣਾਈ ਜਾਵੇਗੀ ਇਸ ਲਈ ਇਸ ਮੁਹਿੰਮ ਵਿੱਚ ਕੰਮ ਕਰ ਰਹੇ ਬੀ ਐਲ ਓਜ਼ ਨੂੰ ਵੱਖਰਾ ਮਿਹਨਤਾਨਾ ਦਿੱਤਾ ਜਾਵੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਅਧਿਆਪਕ ਦਲ ਪੰਜਾਬ ਕਪੂਰਥਲਾ ਦੇ ਪ੍ਰਧਾਨ ਸੁਖਦਿਆਲ ਸਿੰਘ ਝੰਡ , ਜਨਰਲ ਸਕੱਤਰ ਮਨਜਿੰਦਰ ਸਿੰਘ ਧੰਜੂ, ਲੈਕਚਰਾਰ ਰਜੇਸ਼ ਜੋਲੀ,ਭਜਨ ਸਿੰਘ ਮਾਨ, ਰਮੇਸ਼ ਕੁਮਾਰ ਭੇਟ ਸੂਬਾਈ ਆਗੂਆਂ ਨੇ ਦੱਸਿਆ ਕਿ ਇਸ ਵਿਸ਼ੇਸ਼ ਗਹਿਰੀ ਸੁਧਾਈ ਵਿੱਚ ਹਰੇਕ ਬੀ ਐਲ ਓ ਵਲੋਂ ਘਰ ਘਰ ਜਾ ਕੇ ਗਣਨਾ ਫਾਰਮ ਵੰਡੇ ਜਾਣਗੇ ਅਤੇ ਇਹ ਫਾਰਮ ਭਰਵਾ ਕੇ ਸਹੀ ਤਸਦੀਕ ਕਰਕੇ ਆਪਣੀ ਐਪ ਤੇ ਅਪਲੋਡ ਕੀਤੇ ਜਾਣਗੇ ਅਤੇ ਇਸ ਤੋਂ ਇਲਾਵਾ ਏ ਐਸ ਡੀ ਡੀ( ਐਬਸੈਂਟ, ਸਿਫਟਡ, ਡੁਪਲੀਕੇਟ, ਡੈਥ) ਵੋਟਰਾਂ ਦਾ ਵੱਖਰਾ ਡਾਟਾ ਤਿਆਰ ਕੀਤਾ ਜਾਵੇਗਾ ਅਤੇ ਅਪਲੋਡ ਕੀਤਾ ਜਾਵੇਗਾ ਤਾਂ ਜੋ ਸਿਰਫ ਯੋਗ ਵੋਟਰ ਦੀ ਹੀ ਰਜਿਸਟ੍ਰੇਸ਼ਨ ਕੀਤੀ ਜਾ ਸਕੇ ਜੋ ਕਿ ਕਾਫ਼ੀ ਕਠਿਨ ਹੈ ਇਸ ਲਈ ਸਬੰਧਿਤ ਕਰਮਚਾਰੀਆਂ ਵਲੋਂ ਕੀਤੀ ਜਾਣ ਵਾਲੀ ਮਿਹਨਤ ਦਾ ਮੁਆਵਜ਼ਾ ਮਿਲਣਾ ਬਹੁਤ ਜ਼ਰੂਰੀ ਹੈ। ਉਹਨਾਂ ਦੱਸਿਆ ਕਿ ਪੰਜਾਬ ਵਿੱਚ ਹੋ ਰਹੀ ਜਨਗਣਨਾ ਅਤੇ ਡਰਗ ਸੈਂਸਜ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਬਣਦਾ ਮਿਹਨਤਾਨਾ ਸਰਕਾਰ ਵੱਲੋਂ ਘੋਸ਼ਿਤ ਕੀਤਾ ਗਿਆ ਹੈ ਇਸ ਲਈ ਗਰਮੀ ਦੇ ਮਾਹੌਲ ਵਿੱਚ ਘਰ ਘਰ ਜਾ ਕੇ ਵੋਟਰਾਂ ਦਾ ਡਾਟਾ ਇਕੱਤਰ ਕਰਨ ਵਾਲੇ ਬੀ ਐਲ ਓਜ਼ ਨੂੰ ਵੀ ਢੁਕਵੀਂ ਰਾਸ਼ੀ ਜਾਰੀ ਕੀਤੀ ਜਾਵੇ ਕਿਉਂਕ ਪਹਿਲਾਂ ਵੀ ਬੀ ਐਲ ਓ ਪ੍ਰੀ ਐਸ ਆਈ ਆਰ ਅਧੀਨ ਪਿਛਲੇ ਛੇ ਮਹੀਨੇ ਤੋਂ ਕੰਮ ਕਰਦੇ ਆ ਰਹੇ ਹਨ ਅਤੇ ਹੁਣ ਐਸ ਆਈ ਆਰ ਅਨੁਸਾਰ ਇਕ ਮਹੀਨਾ ਲਗਾਤਾਰ ਘਰ ਘਰ ਜਾ ਕੇ ਵੋਟਰਾਂ ਨਾਲ ਸੰਪਰਕ ਕਰ ਕੇ ਡਾਟਾ ਇਕੱਤਰ ਕਰ ਕੇ ਆਨਲਾਈਨ ਕਰਨਗੇ ਜੋ ਕਿ ਬੇਹੱਦ ਤਕਨੀਕੀ ਅਤੇ ਸੰਵੇਦਨਸ਼ੀਲ ਹੈ। ਇਸ ਮੌਕੇ ਪ੍ਰਿੰਸੀਪਲ ਮਨਜੀਤ ਸਿੰਘ, ਹਰਦੇਵ ਸਿੰਘ ਖਾਨੋਵਾਲ, ਵਰਿੰਦਰ ਕੰਬੋਜ, ਲੈਕਚਰਾਰ ਵਨੀਸ਼ ਸ਼ਰਮਾ, ਸੁਖਜਿੰਦਰ ਸਿੰਘ ਢੋਲਣ, ਵੱਸਣਦੀਪ ਸਿੰਘ ਜੱਜ, ਗੁਰਮੀਤ ਸਿੰਘ ਖਾਲਸਾ, ਰੋਸ਼ਨ ਲਾਲ ਸੈਫਲਾਬਾਦ, ਅਮਰਜੀਤ ਕਾਲਾਸੰਘਿਆ, ਕਮਲਜੀਤ ਸਿੰਘ ਮੇਜਰਵਾਲ, ਰਾਜਨਜੋਤ ਸਿੰਘ ਖਹਿਰਾ, ਅਮਰੀਕ ਸਿੰਘ ਮੰਗੂਪੁਰ, ਸ਼ੁੱਭ ਦਰਸ਼ਨ ਨਰਾਇਣ ਆਨੰਦ, ਰਕੇਸ਼ ਸਾਨਿਆਲ, ਜਤਿੰਦਰ ਸਿੰਘ ਸ਼ੈਲੀ,ਅਮਨਦੀਪ ਸਿੰਘ ਵੱਲਣੀ, ਮਨੂੰ ਕੁਮਾਰ ਪਰਾਸ਼ਰ, ਅਜੈ ਕੁਮਾਰ ਸਿੰਗਲਾ, ਮਨਜੀਤ ਸਿੰਘ ਥਿੰਦ, ਮਨਿੰਦਰ ਸਿੰਘ ਰੂਬਲ, ਮਨੋਜ ਕੁਮਾਰ ਟਿੱਬਾ, ਸਤੀਸ਼ ਕੁਮਾਰ ਟਿੱਬਾ, ਜਗਜੀਤ ਸਿੰਘ ਮਿਰਜਾਪੁਰ, ਸੁਰਿੰਦਰ ਕੁਮਾਰ ਭਵਾਨੀਪੁਰ, ਦਵਿੰਦਰ ਸਿੰਘ, ਰਾਮ ਗੋਪਾਲ, ਕਰਮਜੀਤ ਸਿੰਘ, ਅਸ਼ਵਨੀ ਭਾਟੀਆ, ਗੁਰਵਿੰਦਰ ਸਿੰਘ, ਪ੍ਰਦੀਪ ਕੁਮਾਰ ਵਰਮਾ, ਅਮਰਜੀਤ ਸਿੰਘ ਡੈਨਵਿੰਡ, ਅਮਨ ਸੂਦ, ਟੋਨੀ ਕੌੜਾ,ਜਸਵਿੰਦਰ ਖੇੜਾ, ਸ਼ਮੀ ਕੁਮਾਰ, ਮਨੋਹਰ ਸਿੰਘ , ਰੁਪਿੰਦਰ ਸਿੰਘ, ਕੁਲਦੀਪ ਸਿੰਘ, ਹਰਜੀਤ ਸਿੰਘ,ਸੁਮਿਤ ਗੁਪਤਾ ਤੇ ਅਮਰਜੀਤ ਸ਼ਰਮਾ ਹਾਜ਼ਰ ਸਨ।



# ਚਿੜੀਆਘਰ ’ਚ ਵਾਪਰਿਆ ਭਿਆਨਕ ਹਾਦਸਾ, 3 ਸਾਲਾਂ ਮਾਸੂਮ ਬੱਚੇ ਨੂੰ ਮਗਰਮੱਛਾ ਦੇ ਘੇਰੇ ਚ ਸੁੱਟਿਆ

## ਦਲੇਰ ਔਰਤ ਨੇ ਬਚਾਈ ਬੱਚੇ ਦੀ ਜਾਨ, ਮਗਰਮੱਛਾਂ ਦੇ ਘੇਰੇ ’ਚ ਸੁੱਟਣ ਦੇ ਦੋਸ਼ ਹੇਠ ਵਿਅਕਤੀ ਗ੍ਰਿਫਤਾਰ

**ਲੈਸਟਰ (ਇੰਗਲੈਂਡ), 19 ਜੂਨ (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਦੇ ਕੈਂਬਰਿਜਸ਼ਾਇਰ ਸਥਿਤ ਜੌਨਸਨਜ਼ ਆਫ਼ ਓਲਡ ਹਰਸਟ ਚਿੜੀਆਘਰ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਦੌਰਾਨ 3 ਸਾਲਾ ਬੱਚੇ ਨੂੰ ਕਥਿਤ ਤੌਰ ’ਤੇ ਇੱਕ 30 ਸਾਲਾ ਵਿਅਕਤੀ ਨੇ ਮਗਰਮੱਛਾਂ ਦੇ ਘੇਰੇ ਵਿੱਚ ਸੁੱਟ ਦਿੱਤਾ। ਇਸ ਘਟਨਾ ਵਿੱਚ ਬੱਚਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਅਤੇ ਉਸ ਨੂੰ ਤੁਰੰਤ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਿੱਥੇ ਉਸ ਦੀ ਹਾਲਤ ਨਾਜ਼ੁਕ ਪਰ ਸਥਿਰ ਦੱਸੀ ਜਾ ਰਹੀ ਹੈ।

ਪੁਲਿਸ ਨੇ ਸ਼ੱਕੀ ਵਿਅਕਤੀ ਨੂੰ ਕਤਲ ਦੀ ਕੋਸ਼ਿਸ਼ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਸੀ। ਹਾਲਾਂਕਿ ਪੁਲਿਸ ਅਨੁਸਾਰ ਉਸ ਦੀ ਮਾਨਸਿਕ ਹਾਲਤ ਕਾਰਨ ਉਹ ਪੁੱਛਗਿੱਛ ਲਈ ਫਿੱਟ ਨਹੀਂ ਪਾਇਆ ਗਿਆ, ਜਿਸ ਤੋਂ ਬਾਅਦ ਉਸ ਨੂੰ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ ਗਿਆ ਹੈ। ਜਾਂਚ ਜਾਰੀ ਹੈ।

ਰਿਪੋਰਟਾਂ ਮੁਤਾਬਕ ਘਟਨਾ ਸਮੇਂ ਸ਼ੱਕੀ ਵਿਅਕਤੀ ਆਪਣੇ ਕੇਅਰਰ ਨਾਲ ਚਿੜੀਆਘਰ ਵਿੱਚ ਮੌਜੂਦ ਸੀ, ਪਰ ਉਸ ਵੇਲੇ ਉਸ ’ਤੇ ਨਿਗਰਾਨੀ ਨਹੀਂ ਕੀਤੀ ਜਾ ਰਹੀ ਸੀ। ਦੱਸਿਆ ਗਿਆ ਹੈ ਕਿ ਬੱਚੇ ਨੂੰ ਲਗਭਗ 15 ਫੁੱਟ ਹੇਠਾਂ ਮਗਰਮੱਛਾਂ ਵਾਲੇ ਖੇਤਰ ਵਿੱਚ ਸੁੱਟਿਆ ਗਿਆ, ਜਿਸ ਕਾਰਨ ਉਸ ਦੀ ਬਾਂਹ ਅਤੇ ਪੈਲਵਿਸ ਦੀ ਹੱਡੀ ਟੁੱਟ ਗਈ।

ਚਿੜੀਆਘਰ ਮਾਲਕ ਦੀ ਪਤਨੀ ਟਰੇਸੀ ਜੌਨਸਨ ਨੇ ਦਲੇਰੀ ਦਿਖਾਉਂਦਿਆਂ ਤੁਰੰਤ ਘੇਰੇ ਵਿੱਚ ਛਾਲ ਮਾਰ ਕੇ ਬੱਚੇ ਨੂੰ ਬਾਹਰ ਕੱਢਿਆ। ਇਸ ਕਾਰਨ ਮਗਰਮੱਛ ਬੱਚੇ ਤੱਕ ਨਹੀਂ ਪਹੁੰਚ ਸਕੇ ਅਤੇ ਵੱਡਾ ਹਾਦਸਾ ਟਲ ਗਿਆ।

ਕੈਂਬਰਿਜਸ਼ਾਇਰ ਪੁਲਿਸ ਦੇ ਅਧਿਕਾਰੀਆਂ ਨੇ ਕਿਹਾ ਕਿ ਘਟਨਾ ਦੀ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਪੀੜਤ ਪਰਿਵਾਰ ਨੂੰ ਵਿਸ਼ੇਸ਼ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ। ਚਿੜੀਆਘਰ ਪ੍ਰਬੰਧਨ ਨੇ ਵੀ ਬੱਚੇ ਅਤੇ ਉਸ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੀਆਂ ਦੁਆਵਾਂ ਪਰਿਵਾਰ ਨਾਲ ਹਨ।ਇਹ ਚਿੜੀਆਘਰ ਆਪਣੇ ਨਾਈਲ ਅਤੇ ਸਿਆਮੀ ਮਗਰਮੱਛਾਂ ਲਈ ਮਸ਼ਹੂਰ ਹੈ ਅਤੇ ਇੱਥੇ 100 ਤੋਂ ਵੱਧ ਜਾਨਵਰ ਰੱਖੇ ਗਏ ਹਨ।

# ਬਰਨਹਮ ਦੀ ਸ਼ਾਨਦਾਰ ਜਿੱਤ ਨੇ ਲੇਬਰ ਪਾਰਟੀ ਅੰਦਰ ਛੇੜੀ ਨਵੀਂ ਚਰਚਾ

**ਲੈਸਟਰ (ਇੰਗਲੈਂਡ), 19 ਜੂਨ (ਸੁਖਜਿੰਦਰ ਸਿੰਘ ਢੱਡੇ)**- ਮੇਕਰਫ਼ੀਲਡ ਜ਼ਿਮਨੀ ਚੋਣ ਵਿੱਚ ਲੇਬਰ ਪਾਰਟੀ ਦੇ ਉਮੀਦਵਾਰ ਐਂਡੀ ਬਰਨਹਮ ਨੇ ਸ਼ਾਨਦਾਰ ਜਿੱਤ ਹਾਸਲ ਕਰਦਿਆਂ ਬ੍ਰਿਟਿਸ਼ ਸਿਆਸਤ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਹੈ। ਗ੍ਰੇਟਰ ਮੈਨਚੈਸਟਰ ਦੇ ਸਾਬਕਾ ਮੇਅਰ ਬਰਨਹਮ ਨੇ 55 ਫ਼ੀਸਦੀ ਵੋਟਾਂ ਪ੍ਰਾਪਤ ਕਰਕੇ ਰਿਫ਼ਾਰਮ ਯੂ.ਕੇ. ਦੇ ਉਮੀਦਵਾਰ ਰਾਬਰਟ ਕੇਨਿਯਨ ਨੂੰ 9 ਹਜ਼ਾਰ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਹਰਾਇਆ।

ਚੋਣ ਨਤੀਜੇ ਤੋਂ ਬਾਅਦ ਲੇਬਰ ਪਾਰਟੀ ਅੰਦਰ ਲੀਡਰਸ਼ਿਪ ਨੂੰ ਲੈ ਕੇ ਨਵੀਆਂ ਚਰਚਾਵਾਂ ਸ਼ੁਰੂ ਹੋ ਗਈਆਂ ਹਨ। ਬਰਨਹਮ ਪਹਿਲਾਂ ਹੀ ਇਹ ਸੰਕੇਤ ਦੇ ਚੁੱਕੇ ਹਨ ਕਿ ਜੇਕਰ ਲੇਬਰ ਲੀਡਰਸ਼ਿਪ ਲਈ ਮੁਕਾਬਲਾ ਹੁੰਦਾ ਹੈ ਤਾਂ ਉਹ ਇਸ ਵਿੱਚ ਹਿੱਸਾ ਲੈਣਗੇ। ਪਾਰਟੀ ਦੇ ਨਿਯਮਾਂ ਮੁਤਾਬਕ ਕਿਸੇ ਵੀ ਉਮੀਦਵਾਰ ਨੂੰ ਲੀਡਰਸ਼ਿਪ ਦੌੜ ਵਿੱਚ ਸ਼ਾਮਲ ਹੋਣ ਲਈ ਘੱਟੋ-ਘੱਟ 81 ਲੇਬਰ ਸੰਸਦ ਮੈਂਬਰਾਂ ਦੀ ਹਮਾਇਤ ਲੋੜੀਂਦੀ ਹੋਵੇਗੀ। ਆਪਣੇ ਜਿੱਤ ਭਾਸ਼ਣ ਦੌਰਾਨ ਬਰਨਹਮ ਨੇ ਕਿਹਾ ਕਿ ਦੇਸ਼ ਦੇ ਲੋਕ ਮਹਿਸੂਸ ਕਰਦੇ ਹਨ ਕਿ ਮੌਜੂਦਾ ਸਿਆਸੀ ਪ੍ਰਣਾਲੀ ਢੰਗ ਨਾਲ ਕੰਮ ਨਹੀਂ ਕਰ ਰਹੀ ਅਤੇ ਇਹ ਨਤੀਜਾ ਤਬਦੀਲੀ ਵੱਲ ਇੱਕ ਅਹਿਮ ਮੋੜ ਸਾਬਤ ਹੋ ਸਕਦਾ ਹੈ। ਉਨ੍ਹਾਂ ਲੇਬਰ ਪਾਰਟੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਬਦਲਾਅ ਦਾ ਆਖ਼ਰੀ ਮੌਕਾ ਹੈ ਅਤੇ ਦੂਜਾ ਮੌਕਾ ਨਹੀਂ ਮਿਲੇਗਾ। ਉਧਰ ਪ੍ਰਧਾਨ ਮੰਤਰੀ ਕੀਰ



ਸਟਾਰਮਰ ਨੇ ਬਰਨਹਮ ਨੂੰ ਜਿੱਤ ਦੀ ਵਧਾਈ ਦਿੰਦਿਆਂ ਕਿਹਾ ਕਿ ਵੋਟਰਾਂ ਨੇ ਵੰਡ ਦੀ ਰਾਜਨੀਤੀ ਦੀ ਥਾਂ ਉਮੀਦ ਅਤੇ ਆਸ਼ਾਵਾਦ ਦੇ ਸੰਦੇਸ਼ ਨੂੰ ਚੁਣਿਆ ਹੈ। ਹਾਲਾਂਕਿ ਪਾਰਟੀ ਦੇ ਕੁਝ ਸੰਸਦ ਮੈਂਬਰਾਂ ਵੱਲੋਂ ਲੀਡਰਸ਼ਿਪ ਬਦਲਾਅ ਦੀ ਮੰਗ ਵੀ ਉੱਠਣੀ ਸ਼ੁਰੂ ਹੋ ਗਈ ਹੈ। ਮੇਕਰਫ਼ੀਲਡ ਵਿੱਚ ਕੁੱਲ 45 ਹਜ਼ਾਰ ਤੋਂ ਵੱਧ ਵੋਟਾਂ ਪਈਆਂ ਅਤੇ ਵੋਟਿੰਗ ਪ੍ਰਤੀਸ਼ਤ 58.8 ਫ਼ੀਸਦੀ ਦਰਜ ਕੀਤਾ ਗਿਆ। ਬਰਨਹਮ ਨੂੰ 24,927 ਵੋਟਾਂ ਮਿਲੀਆਂ, ਜਦਕਿ ਰਿਫ਼ਾਰਮ ਯੂ.ਕੇ. ਦੇ ਰਾਬਰਟ ਕੇਨਿਯਨ ਨੂੰ 15,696 ਵੋਟਾਂ ਪ੍ਰਾਪਤ ਹੋਈਆਂ। ਇਸ ਜਿੱਤ ਨਾਲ ਬਰਨਹਮ ਦੀ ਵੈਸਟਮਿਨਸਟਰ ਵਿੱਚ ਵਾਪਸੀ ਹੋ ਗਈ ਹੈ, ਜਦਕਿ ਉਨ੍ਹਾਂ ਦੇ ਸੰਸਦ ਮੈਂਬਰ ਬਣਨ ਕਾਰਨ ਗ੍ਰੇਟਰ ਮੈਨਚੈਸਟਰ ਦੇ ਮੇਅਰ ਦੀ ਖਾਲੀ ਹੋਈ ਸੀਟ ਲਈ 30 ਜੁਲਾਈ ਨੂੰ ਨਵੀਂ ਚੋਣ ਕਰਵਾਏ ਜਾਣ ਦੀ ਸੰਭਾਵਨਾ ਹੈ। ਉਧਰ ਸਕਾਟਲੈਂਡ ਵਿੱਚ ਐਬਰਡੀਨ ਸਾਊਥ ਜ਼ਿਮਨੀ ਚੋਣ ਵਿੱਚ ਕੰਜ਼ਰਵੇਟਿਵ ਪਾਰਟੀ ਦੇ ਡਗਲਸ ਲਮਸਡਨ ਨੇ ਜਿੱਤ ਦਰਜ ਕੀਤੀ, ਜਦਕਿ ਐਸ.ਐਨ.ਪੀ. ਨੇ ਆਰਬਰੋਥ ਅਤੇ ਬਰੌਟੀ ਫੈਰੀ ਸੀਟ ਆਪਣੇ ਕਬਜ਼ੇ ਵਿੱਚ ਬਰਕਰਾਰ ਰੱਖੀ।




# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਬਦੌਲਤ ਬਲਾਚੌਰ ਹਲਕੇ ਦੇ ਕੰਢੀ ਖੇਤਰ ਲਈ ਵਰਦਾਨ ਸਾਬਤ ਹੋ ਰਹੀ 214 ਕਰੋੜ ਦੀ 'ਕਾਠਗੜ੍ਹ ਲਿਫਟ ਇਰੀਗੇਸ਼ਨ ਸਕੀਮ' : ਚੇਅਰਮੈਨ ਸਤਨਾਮ ਚੇਚੀ ਜਲਾਲਪੁਰ

**ਨਵਾਂ ਸ਼ਹਿਰ, 19 ਜੂਨ (ਜਤਿੰਦਰ ਪਾਲ ਸਿੰਘ ਕਲੇਰ) :** ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਚੇਚੀ ਜਲਾਲਪੁਰ ਨੇ ਅੱਜ ਇਲਾਕੇ ਦੇ ਕਿਸਾਨਾਂ ਲਈ ਇੱਕ ਬਹੁਤ ਵੱਡੀ ਖੁਸ਼ਖਬਰੀ ਸਾਂਝੀ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬਲਾਚੌਰ ਹਲਕੇ ਨੂੰ ਦਿੱਤੀ ਗਈ 'ਕਾਠਗੜ੍ਹ ਲਿਫਟ ਇਰੀਗੇਸ਼ਨ ਸਕੀਮ' ਇਲਾਕੇ ਦੇ ਕਿਸਾਨਾਂ ਲਈ ਇੱਕ ਵੱਡੀ ਸੌਗਾਤ ਸਾਬਤ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਇਹ ਸਮੁੱਚਾ ਪ੍ਰੋਜੈਕਟ 214 ਕਰੋੜ ਰੁਪਏ ਦੀ ਲਾਗਤ ਵਾਲਾ ਹੈ, ਜਿਸ ਰਾਹੀਂ ਲਗਭਗ 32 ਪਿੰਡਾਂ ਦੀ ਸਾਢੇ 11 ਹਜ਼ਾਰ ਏਕੜ ਜ਼ਮੀਨ ਨੂੰ ਸਿੰਚਾਈ ਲਈ ਪਾਣੀ ਮੁਹੱਈਆ ਕਰਵਾਇਆ ਜਾਵੇਗਾ। ਇਹ ਸਕੀਮ ਵੱਖ-ਵੱਖ ਫੇਜ਼ਾਂ ਦੇ ਵਿੱਚ ਲਾਗੂ ਕੀਤੀ ਗਈ ਹੈ, ਜਿਸ ਵਿੱਚੋਂ ਪਹਿਲਾ ਫੇਜ਼ ਸਫ਼ਲਤਾਪੂਰਵਕ ਚਾਲੂ ਹੋ ਚੁੱਕਾ ਹੈ। ਪਹਿਲੇ ਫੇਜ਼ ਦੇ ਸ਼ੁਰੂ ਹੋਣ ਨਾਲ ਲਗਭਗ 12 ਪਿੰਡ ਕਵਰ ਹੋਏ ਹਨ ਅਤੇ 4,000 ਏਕੜ ਰਕਬੇ ਨੂੰ ਪਾਣੀ ਮਿਲਣਾ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਖੇਤਾਂ ਵਿੱਚ ਚੱਲ ਰਹੇ ਪਾਣੀ ਨੂੰ ਦੇਖ ਕੇ ਇਲਾਕੇ ਦੇ ਜ਼ਿਮੀਂਦਾਰ ਬਹੁਤ ਖੁਸ਼ੀ ਮਨਾ ਰਹੇ ਹਨ, ਕਿਉਂਕਿ ਉਨ੍ਹਾਂ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਇਸ ਖੇਤਰ ਨੂੰ ਨਹਿਰੀ ਪਾਣੀ ਮਿਲ ਸਕੇਗਾ।

ਇਸ ਪ੍ਰੋਜੈਕਟ ਦੇ ਪਿਛੋਕੜ ਅਤੇ ਭੂਗੋਲਿਕ ਸਥਿਤੀ ਬਾਰੇ



ਜਾਣਕਾਰੀ ਦਿੰਦਿਆਂ ਚੇਅਰਮੈਨ ਸਤਨਾਮ ਚੇਚੀ ਨੇ ਦੱਸਿਆ ਕਿ ਰੋਪੜ ਤੋਂ ਨਵਾਂ ਸ਼ਹਿਰ ਜਾਣ ਵਾਲੀ ਮੁੱਖ ਸੜਕ ਦੇ ਨਾਲ ਵਗਦੀ ਨਹਿਰ ਅਤੇ ਦੂਜੇ ਪਾਸੇ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਵਿਚਕਾਰ ਲਗਭਗ 343 ਪਿੰਡਾਂ ਦਾ ਖੇਤਰ ਆਉਂਦਾ ਹੈ। ਇਸ ਕੰਢੀ ਖੇਤਰ ਦੇ ਪਿੰਡਾਂ ਨੂੰ ਪਹਿਲਾਂ ਨਾ ਤਾਂ ਕੰਢੀ ਨਹਿਰ ਦਾ ਪਾਣੀ ਮਿਲਿਆ ਸੀ ਅਤੇ ਨਾ ਹੀ ਕਿਸੇ ਹੋਰ ਨਹਿਰ ਦਾ ਕੋਈ ਲਾਹਾ ਮਿਲ ਸਕਿਆ ਸੀ। ਇਸ ਗੰਭੀਰ ਸਮੱਸਿਆ ਨੂੰ ਦੇਖਦੇ ਹੋਏ ਸਾਲ 2024 ਵਿੱਚ ਸਾਡੇ ਸਿੰਚਾਈ ਮੰਤਰੀ ਵੱਲੋਂ ਲੁਧਿਆਣਾ ਵਿਖੇ ਇੱਕ ਵਿਸ਼ੇਸ਼ ਮੀਟਿੰਗ ਰੱਖੀ ਗਈ ਸੀ, ਜਿਸ ਵਿੱਚ ਮੇਰੇ ਵਰਗੇ ਇੱਕ ਨਿਮਾਣੇ ਵਲੰਟੀਅਰ ਨੇ ਇਸ ਅਹਿਮ ਮੁੱਦੇ ਨੂੰ ਪ੍ਰਮੁੱਖਤਾ ਨਾਲ ਚੁੱਕਿਆ ਸੀ। ਪੰਜਾਬ ਸਰਕਾਰ ਨੇ ਇਸ ਮੰਗ ਨੂੰ ਤੁਰੰਤ ਪ੍ਰਵਾਨ ਕਰ ਲਿਆ ਅਤੇ ਇਹ ਵੱਡਾ ਪ੍ਰੋਜੈਕਟ ਪਾਸ ਹੋਇਆ, ਜਿਸ ਦੀ ਮੰਗ ਇਲਾਕਾ ਨਿਵਾਸੀ ਕਾਫੀ ਲੰਮੇ ਸਮੇਂ ਤੋਂ ਕਰ ਰਹੇ ਸਨ।

ਉਨ੍ਹਾਂ ਅੱਗੇ ਦੱਸਿਆ ਕਿ ਕੰਢੀ ਖੇਤਰ ਵਿੱਚ ਬਹੁਤ ਛੋਟੇ-ਛੋਟੇ ਜ਼ਿਮੀਂਦਾਰ ਹਨ ਜਿਨ੍ਹਾਂ ਕੋਲ ਬਹੁਤ ਥੋੜ੍ਹੀ ਜ਼ਮੀਨ ਹੈ। ਇੱਥੇ ਪਾਣੀ ਬਹੁਤ ਜ਼ਿਆਦਾ ਡੂੰਘਾਈ ਵਿੱਚ ਹੋਣ ਕਾਰਨ ਇੱਕ-ਇੱਕ ਟਿਊਬਵੈੱਲ ਲਗਾਉਣ 'ਤੇ ਕਈ-ਕਈ ਲੱਖ ਰੁਪਏ ਦਾ ਖਰਚਾ ਆਉਂਦਾ ਸੀ, ਜਿਸ ਨੂੰ ਸਹਿਣ ਕਰਨਾ ਗਰੀਬ ਕਿਸਾਨਾਂ ਦੇ ਵੱਸ ਦੀ ਗੱਲ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਨੂੰ ਮੋਟਰਾਂ ਦੇ ਕਨੈਕਸ਼ਨ ਮਿਲ ਰਹੇ ਸਨ। ਚੇਅਰਮੈਨ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕੋਟਿ-ਕੋਟਿ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਾਡੀਆਂ ਬੇਨਤੀਆਂ ਨੂੰ ਕਬੂਲ ਕਰਕੇ ਬਲਾਚੌਰ ਹਲਕੇ ਨੂੰ 'ਕਾਠਗੜ੍ਹ ਲਿਫਟ ਇਰੀਗੇਸ਼ਨ ਸਕੀਮ' ਵਰਗਾ ਇਹ ਵੱਡਾ ਤੋਹਫ਼ਾ ਦਿੱਤਾ ਹੈ। ਹੁਣ ਅਗਲੇ ਫੇਜ਼ ਦਾ ਕੰਮ ਵੀ ਬਹੁਤ ਤੇਜ਼ ਸਪੀਡ ਨਾਲ ਚੱਲ ਰਿਹਾ ਹੈ। ਇਹ ਸਮੁੱਚਾ ਪ੍ਰੋਜੈਕਟ ਕੁੱਲ ਤਿੰਨ ਫੇਜ਼ਾਂ ਦੇ ਵਿੱਚ ਮੁਕੰਮਲ ਹੋਵੇਗਾ ਅਤੇ ਉਮੀਦ ਹੈ ਕਿ ਆਉਂਦੇ ਕੁਝ ਹੀ ਮਹੀਨਿਆਂ ਦੇ ਵਿੱਚ ਇਹ ਸਾਰਾ ਕੰਮ ਪੂਰੀ ਤਰ੍ਹਾਂ ਕੰਪਲੀਟ ਹੋ ਜਾਵੇਗਾ। ਉਨ੍ਹਾਂ ਆਖਿਆ ਕਿ ਕੰਢੀ ਖੇਤਰ ਦੇ ਜਿਨ੍ਹਾਂ ਲੋਕਾਂ ਨੂੰ ਕਦੇ ਉਮੀਦ ਨਹੀਂ ਸੀ, ਅੱਜ ਉਨ੍ਹਾਂ ਦਾ ਨਹਿਰੀ ਪਾਣੀ ਲੈਣ ਦਾ ਸੁਪਨਾ ਪੂਰਾ ਹੋਇਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਮੁੱਖ ਮੰਤਰੀ ਇਸੇ ਤਰ੍ਹਾਂ ਗਰੀਬ ਲੋਕਾਂ ਦੀ ਆਵਾਜ਼ ਸੁਣਦੇ ਰਹਿਣਗੇ ਅਤੇ ਆਮ ਜਨਤਾ ਨੂੰ ਸਰਕਾਰੀ ਸਕੀਮਾਂ ਦੇ ਫਾਇਦੇ ਪਹੁੰਚਾਉਂਦੇ ਰਹਿਣਗੇ।

## ਗੁ: ਨਾਨਕ ਨਿਵਾਸ ਰਿਚਮੰਡ ਵੱਲੋਂ ਥੌਂਪਸਨ ਦੀ ਸਿੱਖ ਸੋਸਾਇਟੀ ਲਈ 25,000 ਡਾਲਰ ਦੀ ਵਿੱਤੀ ਸਹਾਇਤਾ



**ਚੈੱਕ ਦਿੰਦੇ ਹੋਏ ਰਿਚਮੰਡ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ।**

**ਵੈਨਕੂਵਰ, 18 ਜੂਨ (ਮਲਕੀਤ ਸਿੰਘ)**-ਗੁ: ਨਾਨਕ ਨਿਵਾਸ ਰਿਚਮੰਡ ਦੀ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੋਸਾਇਟੀ ਆਫ਼ ਥੌਂਪਸਨ, ਮੈਨੀਟੋਬਾ ਨੂੰ ਗੁ: ਸਾਹਿਬ ਦੀ ਨਵੀਂ ਰਸੋਈ ਦੇ ਨਿਰਮਾਣ ਲਈ 25,000 ਡਾਲਰ ਦੀ ਵਿੱਤੀ ਸਹਾਇਤਾ ਦੇਣ ਦੀ ਸੇਵਾ ਕੀਤੀ ਗਈ ਹੈ। ਬੀਤੇ ਦਿਨੀਂ ਥੌਂਪਸਨ ਗੁਰਦੁਆਰਾ ਸਾਹਿਬ ਦੇ ਇੱਕ ਵਫ਼ਦ ਨੇ ਰਿਚਮੰਡ ਦੇ ਇਸ ਇਤਿਹਾਸਕ ਗੁਰੂ ਘਰ ਦਾ ਦੌਰਾ ਕਰਕੇ ਪ੍ਰਬੰਧਕਾਂ ਸਾਹਮਣੇ ਆਪਣੀ ਵਿੱਤੀ ਲੋੜ ਦਾ ਪੱਖ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਰੱਖਿਆ ਸੀ, ਜਿਸ 'ਤੇ ਹਮਦਰਦੀ ਨਾਲ ਵਿਚਾਰ ਕਰਦਿਆਂ ਕਮੇਟੀ ਨੇ ਤੁਰੰਤ ਇਹ ਮਦਦ ਦੇਣ ਦਾ ਫੈਸਲਾ ਕੀਤਾ।

ਬੀਤੇ ਐਤਵਾਰ ਗੁਰਦੁਆਰਾ ਸਾਹਿਬ ਵਿੱਚ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਪ੍ਰੋਗਰਾਮ ਦੌਰਾਨ ਕਮੇਟੀ ਦੀ ਚੇਅਰਪਰਸਨ ਬੀਬੀ ਕਸ਼ਮੀਰ ਕੌਰ ਜੋਹਲ ਨੇ 25,000 ਡਾਲਰ ਦਾ ਚੈੱਕ ਸਿੱਖ ਸੋਸਾਇਟੀ ਆਫ਼ ਥੌਂਪਸਨ ਦੇ ਸੈਕਟਰੀ ਕੁਲਵੰਤ ਸਿੰਘ ਅਤੇ ਖਜ਼ਾਨਚੀ ਇੰਦਰਜੀਤ ਸਿੰਘ ਨੂੰ ਸੌਂਪਿਆ। ਇਸ ਮੌਕੇ ਗੁਰਦੁਆਰਾ ਨਾਨਕ ਨਿਵਾਸ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੋਹਨ ਸਿੰਘ ਸੰਧੂ, ਉਪ-ਪ੍ਰਧਾਨ ਉਬੇਦ ਸਿੰਘ ਸਿੱਧੂ, ਸੈਕਟਰੀ ਬਲਵੰਤ ਸਿੰਘ ਸੰਘੇੜਾ, ਖਜ਼ਾਨਚੀ ਕਮਲਜੀਤ ਸਿੰਘ ਦੁਸਾਂਝ, ਸਹਾਇਕ ਸੈਕਟਰੀ ਕੰਵਰਜੀਤ ਸਿੰਘ ਸਹੋਤਾ ਅਤੇ ਡਾਇਰੈਕਟਰ ਸਤਵੰਤ ਕੌਰ ਜਰਮਨ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇੰਡੀਆ ਕਲਚਰਲ ਸੈਂਟਰ ਆਫ਼ ਕੈਨੇਡਾ ਗੁਰਦੁਆਰਾ ਨਾਨਕ ਨਿਵਾਸ ਸੋਸਾਇਟੀ ਨੇ ਇਸ ਗੱਲ 'ਤੇ ਖੁਸ਼ੀ ਪ੍ਰਗਟਾਈ ਹੈ ਕਿ ਉਨ੍ਹਾਂ ਨੂੰ ਮੈਨੀਟੋਬਾ ਦੀ ਦੂਰ-ਦੁਰਾਡੇ ਦੀ ਸੰਗਤ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

## ਪਲਕਾਂ ਦੀ ਵਾੜ !

ਧੌਣ ਜਿਉਂ ਸੁਰਾਹੀ ਕਰੇ ਭੀੜ ਤੋਂ ਅਲੱਗ ਤੈਨੂੰ,
ਪੂਰਾ ਸਾਥ ਦਿੰਦੇ ਨਾਲ ਗੱਲ੍ਹਾਂ ਦੇ ਉਭਾਰ ਨੇ।

ਨੋਕ ਤਿੱਖੇ ਨੱਕ ਦੀ ਜਿਉਂ ਵਿੰਨ੍ਹਦੀ ਨਿਸ਼ਾਨੇ ਹੋਵੇ,
ਮਿੱਥੇ ਸੱਜੇ-ਖੱਬਿਉਂ ਵੀ ਕਜਲੇ ਦੀ ਧਾਰ ਨੇ।

ਬੁੱਲ੍ਹੀਆਂ 'ਗੁਲਾਬ ਦੀਆਂ ਪੱਤੀਆਂ' ਨੂੰ ਮਾਤ ਪਾਉਣ,
ਸੇਲੀਆਂ ਬਣਾਈਆਂ ਅੱਧ-ਚੰਦਰ ਆਕਾਰ ਨੇ।

'ਕਾਲਾ ਤਿਲ' ਠੋਡੀ ਉੱਤੇ ਆਖਦੇ ਨਜ਼ਰਬੱਟੂ,
ਸਾਡੀ ਪਰ ਬੰਨ੍ਹ ਲਈ, ਨਿਗਾਹ ਹੀ ਪਹਿਰੇਦਾਰ ਨੇ।

ਅਸ਼-ਅਸ਼-ਅਸ਼ ਕਰ ਉੱਠਿਆ ਘੜਾਮੇਂ ਵਾਲਾ,
ਦਸਤਕ ਦੇ ਤੀ ਮਨੀਂ ਰੋਮੀ ਦੇ ਪਿਆਰ ਨੇ।

ਨਜ਼ਰਾਂ ਦੀ ਹੋ ਗਈ ਘੁਸਪੈਠ ਜਾਲੀਦਾਰ ਵਿੱਚੋਂ,
ਕੀਤਾ ਨਾ ਬਚਾਅ ਕੋਈ ਘੁੰਡ ਵਾਲੀ ਆੜ ਨੇ।

ਧੰਨਵਾਦ ਝਪਕੀ ਦਾ ਆਵੇ ਜੋ ਨਾ ਚਾਹੁੰਦਿਆਂ ਵੀ,
ਬੱਚਤ ਕਰਾ 'ਤੀ, ਧਾਵਾ ਬੋਲ 'ਤਾ ਸੀ ਧਾੜ ਨੇ।

ਡੁੱਬ ਚੱਲਿਆ ਸੀ ਸਿੱਧਾ 'ਨੈਣਾ ਵਾਲੀ ਝੀਲ' ਵਿੱਚ,
ਮੌਕੇ ਤੇ ਬਚਾਅ ਲਿਆ ਬੱਸ 'ਪਲਕਾਂ ਦੀ ਵਾੜ' ਨੇ।

ਮੌਕੇ ਤੇ ਬਚਾ ਲਿਆ ਬੱਸ 'ਪਲਕਾਂ ਦੀ ਵਾੜ' ਨੇ।

ਸਮਾਜ ਵੀਕਲੀ ਨਿਊਜ਼



**ਰੋਮੀ ਘੜਾਮਾਂ।**
**7717380107**

# ਫ਼ੀਫ਼ਾ ਵਿਸ਼ਵ ਕੱਪ 2026: ਕਤਰ ਨੂੰ 6-0 ਨਾਲ ਰੌਂਦ ਕੇ ਕੈਨੇਡਾ ਨੇ ਰਚਿਆ ਇਤਿਹਾਸ ਮਲਕੀਤ ਸਿੰਘ













**ਵੈਨਕੂਵਰ, 18 ਜੂਨ** – ਫ਼ੀਫ਼ਾ ਵਿਸ਼ਵ ਕੱਪ 2026 ਵਿੱਚ ਮੇਜ਼ਬਾਨ ਕੈਨੇਡਾ ਦੀ ਟੀਮ ਨੇ ਵੈਨਕੂਵਰ ਦੇ ਬੀ.ਸੀ. ਪਲੇਸ ਸਟੇਡੀਅਮ ਵਿੱਚ ਕਤਰ ਦੀ ਟੀਮ ਨੂੰ 6-0 ਨਾਲ ਹਰਾ ਕੇ ਇਤਿਹਾਸਕ ਜਿੱਤ ਦਰਜ ਕੀਤੀ ਹੈ। ਇਹ ਕੈਨੇਡਾ ਦੀ ਪੁਰਸ਼ ਫ਼ੀਫ਼ਾ ਵਿਸ਼ਵ ਕੱਪ ਦੇ ਇਤਿਹਾਸ ਵਿੱਚ ਪਹਿਲੀ ਜਿੱਤ ਹੈ ਕੈਨੇਡੀਅਨ ਟੀਮ ਨੇ ਮੁਕਾਬਲੇ ਦੀ ਸ਼ੁਰੂਆਤ ਤੋਂ ਹੀ ਹਮਲਾਵਰ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਕਤਰ ਦੀ ਟੀਮ ਨੂੰ ਸੰਭਲਣ ਦਾ ਕੋਈ ਮੌਕਾ ਨਹੀਂ ਦਿੱਤਾ। ਕਾਈਲ ਲਾਰਿਨ, ਜੋਨਾਥਨ ਡੇਵਿਡ ਅਤੇ ਸਾਲੀਬਾ ਸਮੇਤ ਕੈਨੇਡਾ ਦੇ ਹਮਲਾਵਰਾਂ ਨੇ ਸ਼ਾਨਦਾਰ ਖੇਡ ਦਿਖਾਉਂਦਿਆਂ ਗੋਲਾਂ ਦੀ ਵਰਖਾ ਕਰਨੀ ਜਾਰੀ ਰੱਖੀ ਕਤਰ ਦੀ ਰੱਖਿਆ ਪੂਰੇ ਮੈਚ ਦੌਰਾਨ ਦਬਾਅ ਹੇਠ ਨਜ਼ਰ ਆਈ। ਬੀ.ਸੀ. ਪਲੇਸ ਵਿੱਚ ਮੌਜੂਦ ਹਜ਼ਾਰਾਂ ਦਰਸ਼ਕ ਹਰ ਗੋਲ ਨਾਲ ਖੁਸ਼ੀ ਵਿੱਚ ਝੂਮਦੇ ਵੇਖੇ ਗਏ । ਆਖ਼ਰੀ ਸੀਟੀ ਵੱਜਦੇ ਹੀ ਸਟੇਡੀਅਮ ਜੇਤੂ ਨਾਅਰਿਆਂ ਨਾਲ ਗੂੰਜ ਉੱਠਿਆ ਅੱਜ ਦੇ ਇਸ ਮੈਚ ਦੌਰਾਨ ਟੀਮ ਦੇ ਮਿਡਫ਼ੀਲਡਰ ਇਸਮਾਈਲ ਕੋਨੇ ਨੂੰ ਮੈਚ ਖੇਡਦਿਆਂ ਗੰਭੀਰ ਸੱਟ ਲੱਗੀ, ਜਿਸ ਕਾਰਨ ਟੀਮ ਪ੍ਰਬੰਧਨ ਅਤੇ ਪ੍ਰਸ਼ੰਸਕਾਂ ਦੀ ਚਿੰਤਾ ਵਧ ਗਈ ਹੈ। ਇਸ ਇਤਿਹਾਸਕ ਜਿੱਤ ਨਾਲ ਕੈਨੇਡਾ ਨੇ ਨਾ ਸਿਰਫ਼ ਟੂਰਨਾਮੈਂਟ ਵਿੱਚ ਆਪਣੀ ਪਹਿਲੀ ਜਿੱਤ ਦਰਜ ਕੀਤੀ ਹੈ, ਸਗੋਂ ਅਗਲੇ ਗੇੜ ਵਿੱਚ ਪਹੁੰਚਣ ਦੀਆਂ ਆਪਣੀਆਂ ਉਮੀਦਾਂ ਨੂੰ ਵੀ ਕਾਫ਼ੀ ਮਜ਼ਬੂਤ ਕਰ ਲਿਆ ਹੈ।

## ਸ਼ਾਬਾਸ਼! ਨਜ਼ਰ ਤੋਂ ਵਾਂਝੇ ਦੌੜਾਕ ਨੇ ਅੱਧੀ ਮੈਰਾਥਨ ਪੂਰੀ ਕਰਕੇ ਰਚਿਆ ਇਤਿਹਾਸ!

**ਵੈਨਕੂਵਰ, 18 ਜੂਨ (ਮਲਕੀਤ ਸਿੰਘ)** – ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਨੈਨਾਈਮੋ ਸ਼ਹਿਰ ਨਾਲ ਸੰਬੰਧਿਤ ਅਤੇ ਅੱਖਾਂ ਦੀ ਰੌਸ਼ਨੀ ਤੋਂ ਵਾਂਝੇ ਇੱਕ ਦੌੜਾਕ ਨੇ ਆਪਣੇ ਹੌਸਲੇ, ਦ੍ਰਿੜ੍ਹ ਇਰਾਦੇ ਅਤੇ ਆਤਮਵਿਸ਼ਵਾਸ ਦੀ ਵਿਲੱਖਣ ਮਿਸਾਲ ਪੇਸ਼ ਕਰਦਿਆਂ ਰਨ ਸੇਸੁਤਸ਼ੁਨ ਹਾਫ਼ ਮੈਰਾਥਨ ਸਫ਼ਲਤਾਪੂਰਵਕ ਪੂਰੀ ਕਰਕੇ ਇਤਿਹਾਸ ਰਚ ਦਿੱਤਾ ਹੈ। 37 ਸਾਲਾਂ ਰਿਚਰਡ ਹਾਰਲੋ ਨਾਂ ਦੇ ਇਸ ਦੌੜਾਕ ਨੇ ਕਿਹਾ ਕਿ ਉਸ ਦਾ ਮਕਸਦ ਸਿਰਫ਼ ਦੌੜ ਪੂਰੀ ਕਰਨਾ ਨਹੀਂ ਸੀ, ਸਗੋਂ ਸਮਾਜ ਵਿੱਚ ਮੌਜੂਦ ਰੁਕਾਵਟਾਂ ਅਤੇ ਧਾਰਨਾਵਾਂ ਨੂੰ ਤੋੜਦਿਆਂ ਇਹ ਸੰਦੇਸ਼ ਦੇਣਾ ਵੀ ਸੀ ਕਿ ਸਰੀਰਕ ਅਸਮਰੱਥਾ ਕਿਸੇ ਵੀ ਵਿਅਕਤੀ ਦੇ ਸੁਪਨਿਆਂ ਦੇ ਰਾਹ ਵਿੱਚ ਰੁਕਾਵਟ ਨਹੀਂ ਬਣ ਸਕਦੀ। ਖੇਡ ਜਗਤ ਨਾਲ ਜੁੜੇ ਖੇਡ ਪ੍ਰੇਮੀਆਂ ਵੱਲੋਂ ਉਸ ਦੀ ਇਸ ਪ੍ਰਾਪਤੀ ਦੀ ਸਲਾਘਾ ਕੀਤੀ ਜਾ ਰਹੀ ਹੈ।

ਸਮਾਜ ਵੀਕਲੀ ਨਿਊਜ਼



**ਦੌੜਾਕ ਰਿਚਰਡ ਹਾਰਲੋ ਦੀ ਇੱਕ ਤਸਵੀਰ**




# ਆਗੀ ਆਗੀ ਆਗੀ ਓਏ। "ਮਨਜੀਤ ਜੀਤ ਦੀ ਪਲੇਠੀ ਕਿਤਾਬ ਆਗੀ ਓਏ।"

ਮਨਜੀਤ ਸਿੰਘ ਜੀਤ ਇੱਕ ਅਣਗੌਲਿਆ ਸਾਹਿਤਕਾਰ, ਮੈਂ-ਮੈਂ ਤੋਂ ਦੂਰ ਰਹਿਣ ਵਾਲਾ, ਭੀੜ ਵਿੱਚ ਧੁੱਸ ਦੇ ਕੇ ਦਾਖ਼ਲ ਹੋਣ ਦੀ ਬਜਾਏ ਚੁੱਪ-ਚਾਪ ਆਪਣੀ ਵਾਰੀ ਦਾ ਇੰਤਜ਼ਾਰ ਕਰਨ ਵਾਲਾ, ਇੱਕ ਵਧੀਆ ਗ਼ਜ਼ਲਗੋ, ਕਹਾਣੀਕਾਰ ਅਤੇ ਵਾਰਤਕ ਲੇਖਕ ਹੈ। ਬੱਸ ਕੋਈ ਪਲੇਟਫਾਰਮ ਹੀ ਨਹੀਂ ਮਿਲਿਆ ਜਿੱਥੇ ਉਹ ਆਪਣੀ ਕਲਾ ਦੇ ਜੌਹਰ ਦਿਖਾ ਸਕੇ। ਭਲਾ ਹੋਵੇ ਸੋਸ਼ਲ ਮੀਡੀਆ ਦਾ ਅਤੇ ਸਾਹਿਤ ਜਾਗ੍ਰਿਤੀ ਸਭਾ ਦਾ, ਜਿਸ ਸਦਕਾ ਉਸਨੂੰ ਆਪਣੀ ਗੱਲ ਕਹਿਣ ਅਤੇ ਪਾਠਕਾਂ ਨਾਲ ਜੁੜਨ ਦਾ ਮੌਕਾ ਮਿਲਿਆ।

ਮਨਜੀਤ ਨੇ ਬਹੁਤ ਸੱਚ ਲਿਖਿਆ ਜੋ ਉਸਨੇ ਆਪਣੇ ਹੱਡੀਂ ਹੰਢਾਇਆ ਹੈ। ਤੰਗੀਆਂ-ਤੁਰਸ਼ੀਆਂ ਵੀ ਵੇਖੀਆਂ। ਜ਼ਿੰਦਗੀ ਵਿੱਚ ਕਈ ਪਾਪੜ ਵੇਲੇ, ਮਿਹਨਤ ਨਹੀਂ ਛੱਡੀ ਤੇ ਅੰਤ ਨੂੰ ਸਫਲ ਹੋਇਆ। ਲਿਖਣ ਵੇਲੇ ਜੀਤ ਨੇ ਆਪਣਾ ਚੋਲਾ ਚੁੱਕਿਆ ਤੇ ਪੇਟ ਨੰਗਾ ਵੀ ਕੀਤਾ, ਕੁੱਝ ਵੀ ਛੁਪਾਇਆ ਨਹੀਂ। ਜਵਾਂ 24 ਕੈਰੇਟ ਸੱਚ ਲਿਖਿਆ। ਜਿਸ ਕਰਕੇ ਇਹ ਮਕਬੂਲ ਹੁੰਦਾ ਗਿਆ। ਲੇਖਕ ਜਦੋਂ ਝੂਠ ਦੀ




ਬਜਾਏ ਸੱਚ ਦੀ ਪੰਡ ਲੈ ਕੇ ਆਉਂਦਾ ਹੈ ਤਾਂ ਪਾਠਕ ਮੱਲੋ-ਜ਼ੋਰੀ ਨਾਲ ਜੁੜ ਜਾਂਦੇ ਹਨ ਉਹ ਵੀ ਦਿਲੋਂ। ਉਹੀ ਮਨਜੀਤ ਨਾਲ ਹੋਇਆ। ਮਨਜੀਤ ਨੇ ਜੋ ਵੀ ਲਿਖਿਆ ਕਿਸੇ ਲਾਲਚ ਲਈ ਜਾਂ ਵਾਹ-ਵਾਹ ਲੈਣ, ਫੋਕੀ ਸ਼ੋਹਰਤ ਲਈ ਨਹੀਂ ਲਿਖਿਆ, ਬੱਸ ਆਪਣੇ ਅੰਦਰਲੀ ਹੂਕ ਨੂੰ ਬਾਹਰ ਕੱਢਿਆ।

ਇਸ ਤਰ੍ਹਾਂ ਮਨਜੀਤ ਜੀਤ ਕੋਲ ਆਪਣੀ ਆਟੇ ਦੀ ਪੋਟਲੀ ਤਾਂ ਹੋ ਗਈ। ਪਰੰਤੂ ਉਸ ਆਟੇ ਤੋਂ ਰੋਟੀ ਪਕਾਉਣ ਦੀ ਹਿੰਮਤ ਨਾ ਹੋਈ। ਕਈਆਂ ਕੋਲ ਗਿੜਗਿੜਾ ਕੇ ਗਿਆ। ਤਕਰੀਬਨ ਹਰੇਕ ਨੇ ਗੱਲੀਂ-ਬਾਤੀਂ ਸਾਰਿਆ। ਸਭ ਨੇ ਹੌਸਲਾ ਤੇ ਮਸ਼ਵਰਾ ਵੀ ਦਿੱਤਾ। ਸ਼ਾਇਦ ਇਸ ਨੂੰ ਤਸੱਲੀ ਨਾ ਹੋਈ। ਇਸ ਲਈ ਗੱਲ ਅੱਗੇ ਨਾ ਵਧੀ। ਫਿਰ ਸਾਹਿਤਕਾਰ ਜਸਪਾਲ ਮਾਣਖੇੜਾ ਨੇ ਆਟਾ ਵੇਖਿਆ, ਪਰਖਿਆ। ਉਸਨੂੰ ਇਹ ਚੰਗਾ ਲੱਗਿਆ — ਮਲਟੀਗ੍ਰੇਨ। ਤੇ ਉਸਨੇ ਆਟਾ ਛਾਣ-ਸੰਵਾਰ ਕੇ ਗੁੰਨ ਦਿੱਤਾ। ਪੀਪਲਜ਼ ਫੋਰਮ ਬਰਗਾੜੀ ਵਾਲਿਆਂ ਨੇ ਉਸ ਗੁੰਨੇ ਹੋਏ ਆਟੇ ਦੀ ਆਪਣੇ ਚੁੱਲ੍ਹੇ ਅਤੇ ਆਪਣੇ ਤਵੇ ’ਤੇ ਦੇਸੀ ਘਿਓ ਲਗਾ ਕੇ ਵਧੀਆ ਪਰੌਂਠੀ ਤਿਆਰ ਕਰ ਦਿੱਤੀ। ਜਿਸ ਨੂੰ #ਯਾਦਾਂ_ਦੀਆਂ_ਉਦਾਸ_ਗਲੀਆਂ ਦਾ ਨਾਮ ਦਿੱਤਾ ਗਿਆ। ਇਸ ਤਰ੍ਹਾਂ ਮਨਜੀਤ ਜੀਤ ਦੀ ਪਲੇਠੀ ਕਿਤਾਬ ਦਾ ਜਨਮ ਹੋਇਆ।

ਭਾਵੇਂ ਇਸ ਦੇ ਬਹੁਤ ਸਾਰੇ ਅੰਗ ਪਹਿਲਾਂ ਸੋਸ਼ਲ ਮੀਡੀਆ ’ਤੇ ਛਪ ਚੁੱਕੇ ਹਨ। ਮੇਰੇ ਸਮੇਤ ਬਹੁਤਿਆਂ ਨੇ ਪੜ੍ਹੇ ਵੀ ਹੋਣਗੇ, ਪਰੰਤੂ ਇਹ ਇੱਕ ਵਾਰੀ ਨਹੀਂ ਬਾਰ-ਬਾਰ ਪੜ੍ਹਨ ਵਾਲੇ ਬਿਰਤਾਂਤ ਹਨ। ਦਿਲ ਹੈ ਕਿ ਮੰਨਦਾ ਹੀ ਨਹੀਂ।



**ਰਮੇਸ਼ ਸੇਠੀ ਬਾਦਲ**
**ਸੰਪਰਕ-9876627233**

# ‘ਜ਼ੀਰੋ ਟੋਲਰੈਂਸ’ ਦੀ ਲਲਕਾਰ, ਬਾਲੀ ਰੇਤਗੜ੍ਹ ਦੇ ਗੀਤ ਨੇ ਸੱਥਾਂ ’ਚ ਲਾਇਆ ਭਾਂਬੜ

‘ਜ਼ੀਰੋ ਟੋਲਰੈਂਸ’ — ਅੰਗਰੇਜ਼ੀ ਦੇ ਇਹ ਦੋ ਲਫ਼ਜ਼ਾਂ ਦਾ ਮਤਲਬ ਹੈ ‘ਰਤਾ ਵੀ ਬਰਦਾਸ਼ਤ ਨਹੀਂ’। ਭਾਵ ਕਿਸੇ ਗਲਤ ਕੰਮ, ਬੇਇਨਸਾਫ਼ੀ ਜਾਂ ਜੁਰਮ ਲਈ ਕੋਈ ਛੋਟ ਨਹੀਂ, ਕੋਈ ਮੁਆਫ਼ੀ ਨਹੀਂ। ਪਰ ਕੀ ਸਾਡੇ ਲੀਡਰਾਂ ਦੇ ਮੂੰਹੋਂ ਸੁਣੀਦਾ ਇਹ ‘ਜ਼ੀਰੋ ਟੋਲਰੈਂਸ’ ਸੱਚਮੁੱਚ ਰਤਾ ਵੀ ਬਰਦਾਸ਼ਤ ਨਾ ਕਰਨ ਵਾਲਾ ਹੈ? ਇਹ ਸਵਾਲ ਬਲਜਿੰਦਰ ਸਿੰਘ ਬਾਲੀ ਰੇਤਗੜ੍ਹ ਦੇ ਨਵੇਂ ਗੀਤ ਨੇ ਸੱਥ ’ਚ ਲਿਆ ਖੜ੍ਹਾ ਕੀਤਾ ਹੈ।

ਕੀ ਤੁਸੀਂ ਵੀ ਲੀਡਰਾਂ ਦੇ ਇਸ ਜੁਮਲੇ ਨੂੰ ਸੁਣ-ਸੁਣ ਕੇ ਅੱਕ ਚੁੱਕੇ ਹੋ? ਜੇ ਹਾਂ, ਤਾਂ ‘ਜ਼ੀਰੋ ਟੋਲਰੈਂਸ’ ਗੀਤ ਤੁਹਾਡੇ ਦਿਲ ਦੀ ਗੱਲ ਕਰਦਾ ਹੈ। ਇਹ ਗੀਤ ਨਹੀਂ, ਇਹ ਤਾਂ ਸਿਆਸਤ ਦੇ ਕੰਨਾਂ ’ਚ ਪਿਘਲਦਾ ਸੀਸਾ ਹੈ।

ਪੰਜਾਬ ਦੀਆਂ ਸੱਥਾਂ ਤੋਂ ਲੈ ਕੇ ਸ਼ਹਿਰਾਂ ਦੇ ਚੌਂਕਾਂ ਤੱਕ ਅੱਜ ਹਰ ਪਾਸੇ ਇਹੀ ਨਾਹਰਾ ਗੂੰਜਦਾ ਹੈ — ‘ਜ਼ੀਰੋ ਟੋਲਰੈਂਸ’। ਨਸ਼ੇ ਦੀ ਗੱਲ ਕਰੋ ਤਾਂ ਅੱਗੋਂ ‘ਜ਼ੀਰੋ ਟੋਲਰੈਂਸ’। ਰਿਸ਼ਵਤ ਦਾ ਰੋਣਾ ਰੋਵੋ ਤਾਂ ਉੱਤਰ ਮਿਲੂ ‘ਜ਼ੀਰੋ ਟੋਲਰੈਂਸ’। ਪੜ੍ਹੇ-ਲਿਖੇ ਜਵਾਕ ਨੌਕਰੀ ਲਈ ਧਰਨਿਆਂ ’ਤੇ ਬੈਠੇ ਹਨ, ਤਿੰਨ ਦਹਾਕੇ ਹੋ ਗਏ, ਪਰ ਜਵਾਬ ਇੱਕੋ — ‘ਜ਼ੀਰੋ ਟੋਲਰੈਂਸ’। ਸਰਕਾਰਾਂ ਦੀਆਂ ਪੱਗਾਂ ਬਦਲਦੀਆਂ ਰਹੀਆਂ, ਕੁਰਸੀਆਂ ਬਦਲਦੀਆਂ ਰਹੀਆਂ, ਪਰ ਲੋਕਾਂ ਦੇ ਦੁੱਖ-




ਦਰਦ ਉੱਥੇ ਦੇ ਉੱਥੇ ਖੜ੍ਹੇ ਹਨ। ਸਗੋਂ ਦਿਨ-ਬ-ਦਿਨ ਮੁਸ਼ਕਲਾਂ ਦਾ ਹੜ੍ਹ ਚੜ੍ਹੀ ਜਾਂਦਾ ਹੈ।

ਬੱਸ ਇਸੇ ਝੂਠ ਨੇ ਬਾਲੀ ਰੇਤਗੜ੍ਹ ਦੀ ਕਲਮ ਨੂੰ ਅੱਗ ਲਾ ਦਿੱਤੀ। ਉਸ ਨੇ ਪੁੱਛਿਆ ਹੈ ਕਿ ਤੁਹਾਡਾ ‘ਜ਼ੀਰੋ’ ਅਸਲ ’ਚ ਜ਼ੀਰੋ ਹੀ ਹੈ, ਜਾਂ ਲੋਕਾਂ ਦੇ ਹਿੱਸੇ ਆਇਆ ਸਿਫ਼ਰ? ਉਸ ਦੇ ਬੋਲਾਂ ਨੂੰ ਖੁਸ਼ੀ ਮੁਹੰਮਦ ਚੱਠਾ ਨੇ ਅਜਿਹੀ ਧੁਨ ਦਿੱਤੀ ਹੈ ਕਿ ਹਰ ਲਫ਼ਜ਼ ਕਾਲਜੇ ’ਚ ਤੀਰ ਵਾਂਗ ਵੱਜਦਾ ਹੈ। ਨਾ ਕੋਈ ਢੋਲ-ਧਮਾਕਾ, ਨਾ ਕੋਈ ਫ਼ਾਲਤੂ ਸ਼ੋਰ, ਬਸ ਨੰਗਾ ਸੱਚ।

ਮੈਂ ਮੰਨਦਾ ਹਾਂ ਕਿ ਗੀਤ ਸੁਣਨਾ-ਸੁਣਾਉਣਾ ਸ਼ੌਕ ਦੀ ਗੱਲ ਹੈ। ਪਰ ਕੁਝ ਗੀਤ ਸ਼ੌਕ ਤੋਂ ਵੱਧ ਜ਼ਿੰਮੇਵਾਰੀ ਬਣ ਜਾਂਦੇ ਹਨ। ‘ਜ਼ੀਰੋ ਟੋਲਰੈਂਸ’ ਉਹਨਾਂ ਗੀਤਾਂ ’ਚੋਂ ਇੱਕ ਹੈ। ਇਹ ਉਹ ਸ਼ੀਸ਼ਾ ਹੈ ਜਿਸ ’ਚ ਸਾਡੇ ਹਾਕਮਾਂ ਦਾ ਅਸਲ ਚਿਹਰਾ ਦਿੱਸਦਾ ਹੈ। ਜੇ ਇਹ ਗੀਤ ਸੁਣ ਕੇ ਵੀ ਤੁਹਾਡਾ ਖ਼ੂਨ ਨਾ ਖੌਲੇ, ਤਾਂ ਸਮਝ ਲਵੋ ਕਿ ਸਾਡੀ ਜ਼ਮੀਰ ’ਤੇ ਵੀ ਕਿਸੇ ਨੇ ‘ਜ਼ੀਰੋ ਟੋਲਰੈਂਸ’ ਲਾ ਦਿੱਤਾ ਹੈ। ਲੋਕੋ, ਇਹ ਲੜਾਈ ਕਿਸੇ ਪਾਰਟੀ ਦੀ ਨਹੀਂ, ਇਹ ਲੜਾਈ ਸਾਡੇ ਹੱਕ ਦੀ ਹੈ। ਬਾਲੀ ਨੇ ਆਪਣਾ ਫ਼ਰਜ਼ ਨਿਭਾ ਦਿੱਤਾ, ਕਲਮ ਨਾਲ ਲਲਕਾਰ ਮਾਰ ਦਿੱਤੀ। ਹੁਣ ਵਾਰੀ ਤੁਹਾਡੀ ਹੈ। ਇੱਕ ਵਾਰ ਇਹ ਗੀਤ ਜ਼ਰੂਰ ਸੁਣੋ। ਸ਼ਾਇਦ ਤੁਹਾਡੇ ਅੰਦਰ ਸੁੱਤਾ ਪਿਆ ਪੰਜਾਬੀ ਜਾਗ ਪਵੇ।

ਫ਼ੈਸਲਾ ਤੁਹਾਡੀ ਕਚਹਿਰੀ ’ਚ ਹਾਜ਼ਰ ਹੈ।

**ਰਮੇਸ਼ਵਰ ਸਿੰਘ**

# ਨਸ਼ਿਆਂ ਦਾ ਤਿਆਗ ਜ਼ਿੰਦ.ਗੀ ਜ਼ਿੰਦਾਬਾਦ (ਨਸ਼ਿਆਂ ਤੋਂ ਦੂਰ, ਸਿਹਤਮੰਦ ਜੀਵਨ ਦੀ ਓਰ)

**"ਨਸ਼ਾ ਮੁਕਤ ਭਾਰਤ ਅਭਿਆਨ ਪ੍ਰੋਜੈਕਟ ਤਹਿਤ ਵਿਸ਼ੇਸ਼"**

ਜ਼ਿੰਦਗੀ ਕੁਦਰਤ ਦਾ ਦਿੱਤਾ ਹੋਇਆ ਇੱਕ ਅਨਮੋਲ ਤੋਹਫਾ ਹੈ ਜੋ ਸਾਨੂੰ ਸਿਰਫ ਇੱਕ ਵਾਰ ਮਿਲਦਾ ਹੈ। ਇਹ ਸਾਡੇ ਤੇ ਨਿਰਭਰ ਕਰਦਾ ਹੈ ਕਿ ਅਸੀਂ ਇਸ ਦਾ ਆਨੰਦ ਮਾਨਣਾ ਹੈ ਜਾਂ ਫਿਰ ਇਸ ਨੂੰ ਮਾੜੀਆਂ ਆਦਤਾਂ ਨਾਲ ਨਸ਼ਟ ਕਰਨਾ ਹੈ। ਕੁੱਝ ਵਿਅਕਤੀ ਇਸ ਤਰ੍ਹਾਂ ਦੀ ਸੋਹਣੀ ਜ਼ਿੰਦਗੀ ਜਿਊਂਦੇ ਹਨ ਕਿ ਉਹ ਦੂਜਿਆਂ ਦੀ ਵੀ ਲੋੜ ਪੈਣ ਤੇ ਮਦਦ ਕਰਦੇ ਹਨ। ਪਰ ਕੁੱਝ ਵਿਅਕਤੀ ਆਪਣੀਆਂ ਮਾੜੀਆਂ ਆਦਤਾਂ ਕਰਕੇ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ ਅਤੇ ਦੂਜਿਆਂ ਦਾ ਵੀ ਨੁਕਸਾਨ ਹੀ ਕਰਦੇ ਹਨ। ਅੱਜ ਮੈਂ ਇਸ ਲੇਖ ਵਿੱਚ ਅਜਿਹੀ ਹੀ ਇਕ ਮਾੜੀ ਆਦਤ ਦੀ ਗੱਲ ਕਰਾਂਗਾ ਜਿਸ ਨਾਲ ਸਿਰਫ ਆਪ ਨੂੰ ਹੀ ਨਹੀਂ ਸਗੋ ਸਮਾਜ ਨੂੰ ਵੀ ਨੁਕਸਾਨ ਹੁੰਦਾ ਹੈ। ਇਹ ਮਾੜੀ ਆਦਤ ਹੈ "ਨਸ਼ੇ ਕਰਨ ਦੀ ਆਦਤ"। ਨਸ਼ੇ ਦੇ ਆਦੀ ਕਈ ਤਰ੍ਹਾਂ ਦੇ ਨਸ਼ੇ ਵਰਤਦੇ ਹਨ, ਜਿਵੇਂ ਕਿ ਸ਼ਰਾਬ, ਸਿਗਰਟ, ਭੰਗ, ਅਫੀਮ, ਹੈਰੋਇਨ ਆਦਿ।

ਨਸ਼ਾ ਕਰਨਾ ਇੱਕ ਅਜਿਹੀ ਆਦਤ ਹੈ ਜੋ ਸਾਡੀ ਜ਼ਿੰਦਗੀ ਨੂੰ ਬਰਬਾਦ ਕਰ ਸਕਦੀ ਹੈ। ਨਸ਼ਾ ਨਾ ਸਿਰਫ਼ ਸਾਡੀ ਸਰੀਰਕ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ, ਸਗੋਂ ਸਾਡੀ ਮਾਨਸਿਕ ਸਿਹਤ ਅਤੇ ਸਮਾਜਿਕ ਜੀਵਨ ਨੂੰ ਵੀ ਪ੍ਰਭਾਵਿਤ ਕਰਦਾ ਹੈ। ਨਸ਼ੇ ਦੀ ਆਦਤ ਦੇ ਕੁੱਝ ਨੁਕਸਾਨ:-

1. ਸਰੀਰਕ ਨੁਕਸਾਨ:- ਨਸ਼ੇ ਦੀ ਆਦਤ ਦਾ ਸਾਡੇ ਸਰੀਰ ਤੇ ਬਹੁਤ ਮਾੜਾ ਅਸਰ ਹੁੰਦਾ ਹੈ ਜਿਵੇਂ ਕਿ ਦਿਲ ਦੀਆਂ ਸਮੱਸਿਆਵਾਂ, ਦਿਮਾਗ ਦੀਆਂ ਸਮੱਸਿਆਵਾਂ, ਲੀਵਰ ਦੀ ਸਮੱਸਿਆਵਾਂ, ਗੁਰਦਿਆਂ ਦੀਆਂ ਸਮੱਸਿਆਵਾਂ ਆਦਿ।

2. ਮਾਨਸਿਕ ਨੁਕਸਾਨ:- ਨਸ਼ੇ ਦੀ ਆਦਤ ਦਾ ਮਾਨਸਿਕ ਸਿਹਤ ਤੇ ਵੀ ਮਾੜੇ ਪ੍ਰਭਾਵ ਪੈਂਦੇ ਹਨ ਜਿਵੇਂ ਕਿ ਉਦਾਸੀ, ਚਿੰਤਾ, ਯਾਦਾਸਤ ਦਾ ਘਟਣਾ, ਨੀਂਦ ਨਾ ਆਉਣਾ, ਡਿਪਰੈੱਸ਼ਨ ਆਦਿ।

3. ਸਮਾਜਿਕ ਨੁਕਸਾਨ:- ਨਸ਼ੇ ਦੀ ਆਦਤ ਸਮਾਜਿਕ ਜੀਵਨ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ, ਜਿਵੇਂ ਕਿ ਰਿਸ਼ਤਿਆਂ ਵਿੱਚ ਦਰਾਰ ਅਤੇ ਸਮਾਜਿਕ ਮਿਲਾਪ ਘੱਟ ਜਾਣਾ ਆਦਿ। ਅੱਜ ਤਲਾਕ ਦੇ ਕੇਸ ਵੱਧ ਰਹੇ ਹਨ ਜਿਸਦਾ ਮੁੱਖ ਕਾਰਨ ਨਸ਼ੇ ਕਰਨ ਦੀ ਆਦਤ ਹੀ ਹੈ। ਨਸ਼ੇ ਵਿੱਚ ਦਿਮਾਗ ਦੇ ਕੰਟਰੋਲ ਨਹੀਂ ਰਹਿੰਦਾ ਅਤੇ ਵਿਅਕਤੀ ਅਕਸਰ ਦੂਜੇ ਨਾਲ ਲੜਾਈ ਝਗੜੇ ਕਰਨਾ ਸ਼ੁਰੂ ਕਰ ਦਿੰਦਾ ਹੈ।

4. ਆਰਥਿਕ ਨੁਕਸਾਨ:- ਨਸ਼ੇ ਦੀ ਆਦਤ 'ਤੇ ਖਰਚ ਕਰਨ ਨਾਲ ਆਰਥਿਕ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਨਸ਼ਿਆ ਦੀ ਆਦਤ ਵਾਲੇ ਵਿਅਕਤੀ ਆਪਣੀ ਆਮਦਨ ਦਾ ਜਿਆਦਾ ਹਿੱਸਾ ਤਾਂ ਨਸ਼ਿਆਂ ਵਿੱਚ ਹੀ ਉਜਾੜ ਦਿੰਦਾ ਹੈ। ਇਕ ਵਿਅਕਤੀ ਦੇ ਨਸ਼ੇ ਕਰਨ ਦੀ ਆਦਤ ਪੂਰੇ ਪਰਿਵਾਰ ਲਈ ਆਰਥਿਕ ਸੰਕਟ ਲਿਆਉਂਦੀ ਹੈ।5. ਕਾਨੂੰਨੀ ਸਮੱਸਿਆਵਾਂ:- ਨਸ਼ੇ ਦੀ ਆਦਤ ਅਤੇ ਤਸਕਰੀ ਨਾਲ ਜੁੜੀਆਂ ਕਾਨੂੰਨੀ ਸਮੱਸਿਆਵਾਂ ਵੀ ਹੋ ਸਕਦੀਆਂ ਹਨ। ਨਸ਼ਾ ਕਰਨਾ ਹੀ ਗਲਤ ਨਹੀਂ ਹੈ ਨਸ਼ਿਆਂ ਦਾ ਵਪਾਰ ਕਰਨ ਤਾਂ ਹੋਰ ਵੀ ਜਿਆਦਾ ਘਾਤਕ ਹੈ। ਨਸ਼ਿਆਂ ਦੀ ਆਦਤ ਵਿਚ ਫਸੇ ਕੁੱਝ ਵਿਅਕਤੀ ਨਸ਼ੇ ਵੇਚਣ ਦਾ ਕੰਮ ਵੀ ਕਰਨਾ ਸ਼ੁਰੂ ਕਰ ਦਿੰਦੇ ਹਨ ਜੋ ਕਿ ਉਹਨਾਂ ਲਈ ਬਾਅਦ ਵਿੱਚ ਬਹੁਤ ਵੱਡੀ ਸਮੱਸਿਆ ਬਣਦਾ ਹੈ।

ਸਿੱਟਾ:-ਨਸ਼ੇ ਦੀ ਆਦਤ ਅਤੇ ਇਸਦੇ ਨੁਕ-ਸਾਨ ਤੋਂ ਬਚਣ ਲਈ ਜਾਗਰੂਕਤਾ ਅਤੇ ਸਿੱਖਿਆ ਜ਼ਰੂਰੀ ਹੈ। ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਨਸ਼ਾ ਛੱਡਣਾ ਜ਼ਰੂਰੀ ਹੈ। ਇਨਸਾਨ ਨੂੰ ਨਸ਼ੇ ਵਰਗੀਆਂ ਬੁਰੀਆਂ ਆਦਤਾਂ ਤੋਂ ਬਚਣਾ ਚਾਹੀਦਾ ਹੈ ਅਤੇ ਆਪਣੇ ਟੀਚਿਆਂ ਅਤੇ ਸੁਪਨਿਆਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਨਸ਼ੇ ਤੋਂ ਛੁਟਕਾਰਾ ਪਾਉਣ ਲਈ ਵਿਅਕਤੀ ਨੂੰ ਆਪਣੇ ਪਰਿਵਾਰ ਅਤੇ ਦੋਸਤਾਂ ਦਾ ਸਮਰਥਨ ਲੈਣਾ ਚਾਹੀਦਾ ਹੈ ਅਤੇ ਨਸ਼ਾ ਛੁਡਾਊ ਕੇਂਦਰਾਂ ਤੋਂ ਮਦਦ ਲੈਣੀ ਚਾਹੀਦੀ ਹੈ। ਨਸ਼ਾ ਛੱਡ ਕੇ, ਅਸੀਂ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾ ਸਕਦੇ ਹਾਂ। ਸਭ ਤੋਂ ਜਰੂਰੀ ਹੈ ਸਿਹਤ ਦਾ ਧਿਆਨ ਰੱਖਣਾ, ਸਿਹਤਮੰਦ ਰਹਿਣ ਲਈ ਚੰਗਾ ਭੋਜਨ ਖਾਣਾ ਚਾਹੀਦਾ ਹੈ। ਸਾਨੂੰ ਆਪਣੇ ਮਨ ਨੂੰ ਸ਼ਾਂਤ ਅਤੇ ਸਕਾਰਾਤਮਕ ਰੱਖਣਾ ਚਾਹੀਦਾ ਹੈ ਅਤੇ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।



"ਨਸ਼ਿਆ ਦਾ ਤਿਆਗ, ਜ਼ਿੰਦ.ਗੀ ਜ਼ਿੰਦਾਬਾਦ"

**ਪਵਨ ਕੁਮਾਰ ਅੱਤਰੀ**
**ਸ.ਸ.ਸ ਸਕੂਲ ਬਾਗੜੀਆਂ(ਕਪੂਰਥਲਾ)**
**ਮੋਬਾ - 8427791277**

# ਬਾਪੂ ਦਾ ਮੁੜ੍ਹਕਾ



ਜੱਗਾ ਬਾਹਰੋਂ ਮੋਟਰਸਾਈਕਲ ਤੇ ਡੁੱਗ ਡੁੱਗ ਕਰਦਾ ਵੱਡੇ ਗੇਟ ਤੋਂ ਅੰਦਰ ਆ ਕੇ ਵਿਹੜੇ ਵਿੱਚ ਨਿੰਮ ਹੇਠਾਂ ਖੜ੍ਹ ਕੇ ਦੋ ਕੁ ਪਟਾਕੇ ਪਵਾ ਕੇ ਬੰਦ ਕਰਦਾ ਹੈ।ਸੂਟ ਬੂਟ ਆਏਂ ਪਾਇਆ ਹੋਇਆ ਹੁੰਦਾ ਹੈ ਜਿਵੇਂ ਕਿਤੇ ਵੱਡਾ ਅਫ਼ਸਰ ਲੱਗਿਆ ਹੋਇਆ ਹੋਵੇ। ਸਿਰ ਤੋਂ ਵਾਲ ਲਾਈਨਾਂ ਪਾ ਪਾ ਕੇ ਕਟਵਾਏ ਹੋਏ ਹਨ।ਉਸ ਨੂੰ ਦੇਖਦੇ ਸਾਰ ਮਾਂ ਖੁਸ਼ ਹੋ ਜਾਂਦੀ ਹੈ। "ਨੀ , ਮਾਂ ਸਦਕੇ....ਮੇਰਾ ਪੁੱਤ ਆ ਗਿਆ ਕਾਲਜੋਂ ਪੜ੍ਹ ਕੇ? ਪੁੱਤ ਕੀ ਪੀਣਾ.....ਲੱਸੀ ਜਾਂ ਦੁੱਧ?"

"ਮੈਂ ਨੀ ਕੁਛ ਪੀਣਾ , ਰੋਟੀ ਖਾਣੀ ਆ,ਕੀ ਬਣਾਇਆ ਬੀਬੀ?"

"ਪੁੱਤ ਕੱਦੂ ਪਾ ਕੇ ਛੋਲਿਆਂ ਦੀ ਦਾਲ਼ ਬਣਾਈ ਆ,ਬਾਲੀਓ ਸਵਾਦ ਆ....... ਨਾਲ਼ੇ ਘਰ ਦੀ ਕੱਢੀ ਮੱਖਣੀ ਆ, ਨਾਲ਼ ਗੰਢਾ ਤੇ ਅੰਬ ਦਾ ਅਚਾਰ ਆ ।"

"ਇਹ ਕਿਹੜੀ ਨਵੀਂ ਗੱਲ ਆ ਬੀਬੀ.......ਇਹੀ ਕੁਛ ਖਾਂਦੇ ਐਡਾ ਹੋ ਗਿਆ......ਕਦੇ ਕੁਛ ਹੋਰ ਵੀ ਬਣਾ ਲਿਆ ਕਰੋ।"

"ਮਾਂ ਵਾਰੀ... ਮੇਰਾ ਪੁੱਤ ਪੜ੍ਹ ਕੇ ਆਇਆ....ਘਰ ਦੇ ਤੋੜੇ ਨਰਮ ਨਰਮ ਕੱਦੂ ਤੇ ਤੋਰੀਆਂ ਪਈਆਂ, ਤੂੰ ਆਖੇਂ ਤਾਂ ਮੈਂ ਪੰਜ ਮਿੰਟ ਵਿੱਚ ਬਣਾ ਦਿੰਨੀਂ ਆਂ ਪੁੱਤ।"

"ਬੱਸ ਤੁਸੀਂ ਨਾ ਕਦੇ ਆਹ ਤੋਰੀਆਂ ਕੱਦੂਆਂ ਤੋਂ ਬਾਹਰ ਨਿਕਲਿਓ..........। ਬੀਬੀ ਮੇਰੇ ਦੋਸਤ ਕੱਦੂਆਂ ਤੋਂ ਇੱਕ ਪਕੌੜਿਆਂ ਜਿਹਿਆਂ ਵਰਗੀ ਸਬਜ਼ੀ ਲੈ ਕੇ ਆਉਂਦੇ ਹੁੰਦੇ ਆ,ਬੜੀਓ ਸਵਾਦ ਹੁੰਦੀ ਆ....।" ਕਹਿਕੇ ਅੰਦਰ ਜਾ ਵੜਨ ਲੱਗਦਾ ਹੈ ਤਾਂ ਉਸ ਦੀ ਬੀਬੀ ਕਹਿੰਦੀ ਹੈ,"ਪੁੱਤ ਓਹਨੂੰ ਤਾਂ ਟੈਮ ਲੱਗੂ।"

" ਚੱਲ ਫੇਰ ਕੱਦੂ ਆਲ਼ ਦਾਲ਼ ਨਾਲ ਈ ਦੇ ਦੇ", (ਰੋਟੀ ਖਾ ਕੇ ਜੱਗਾ ਕਮਰੇ ਅੰਦਰ ਜਾਂਦਾ ਹੈ।

(ਕੁਛ ਯਾਦ ਆਉਣ ਦੇ ਨਾਲ ਹੀ ਬਾਹਰ ਆਉਂਦਾ ਹੈ)

"ਹਾਂ ਸੱਚ ਬੀਬੀ ਮੇਰੇ ਨਾਲ ਦੇ ਮੁੰਡੇ ਕੁੜੀਆਂ ਨੇ ਦੋ ਦਿਨਾਂ ਲਈ ਆਪਣੇ ਪਿੰਡ ਆਉਣਾ ਫੱਨ ਕਰਨ। ਐਵੇਂ ਆਹ ਦੇਸੀ ਜਿਹੇ ਬਣ ਕੇ ਨਾ ਘੁੰਮੀ ਜਾਇਓ... ਹਾਂ ਸੱਚ ਬੀਬੀ.... ਰੋਟੀ ਬਹੁਤੀਓ ਸਵਾਦ ਸੀ।" ਕਹਿਕੇ ਹੱਸ ਪੈਂਦਾ ਹੈ ਤੇ ਮਾਂ ਵੀ ਖੁਸ਼ ਹੋ ਜਾਂਦੀ ਹੈ।

"ਪੁੱਤ, ਕਲੋਲਾਂ ਕਰਦਾਂ....ਆਪਾਂ ਦੇਸੀ ਆਂ ਤਾਂ ਦੇਸੀ ਹੀ ਰਹਿਣਾ, ਹੁਣ ਉਹਨਾਂ ਦੇ ਦੋ ਦਿਨਾਂ ਦੀ ਖਾਤਰ ਮੈਂ ਵਲੈਤਣ ਥੋੜ੍ਹਾ ਬਣਜੂੰਗੀ।" ਕਹਿਕੇ ਜੱਗੇ ਦੀ ਬੀਬੀ ਹੱਸ ਪੈਂਦੀ ਹੈ।

( ਘੰਟੇ ਕੁ ਬਾਅਦ ਬਾਹਰੋਂ ਬਾਪੂ ਖੇਤਾਂ ਵਿੱਚੋਂ ਆਉਂਦਾ ਹੈ,ਉਸ ਨੇ ਮੋਢੇ 'ਤੇ ਕਹੀ ਰੱਖੀ ਹੋਈ ਸੀ, ਪਜਾਮਾ ਪੈਰਾਂ ਕੋਲੋਂ ਹੀ ਗੋਲ ਮਟੋਲ ਕਰਕੇ ਗੋਡਿਆਂ ਤੋਂ ਉੱਪਰ ਤੱਕ ਚੜ੍ਹਾਇਆ ਹੋਇਆ ਸੀ, ਪੈਰ ਨੰਗੇ ਗਾਰੇ ਨਾਲ ਗਿੱਟਿਆਂ ਤੋਂ ਉੱਪਰ ਤੱਕ ਲਿਬੜੇ ਹੋਏ ਹਨ,ਮੋਟਰ ਸਾਈਕਲ ਖੜ੍ਹਾ ਦੇਖ ਕੇ ਜੱਗੇ ਦੀ ਮਾਂ ਨੂੰ ਪੁੱਛਦਾ ਹੋਇਆ)

"ਆ ਗਿਆ ਮੇਰਾ ਸ਼ੇਰ.......ਕਿੱਥੇ ਆ ਮੇਰਾ ਪੜ੍ਹਾਕੂ ਪੁੱਤ...? ਦੀਂਹਦਾ ਨ੍ਹੀਂ.....?"

"ਜੀ ਉਹ ਥੱਕਿਆ ਹੋਇਆ ਸੀ, ਮੈਂ ਈ ਆਖਤਾ ਓਹਨੂੰ ਅਰਾਮ ਕਰ ਲਾ..... ਜਵਾਕ ਦਿਮਾਗ ਖਪਾ ਕੇ ਆਇਆ....... ਖਸਮਾਂ ਨੂੰ ਖਾਣੀਆਂ ਪੜ੍ਹਾਈਆਂ ਕਿਹੜਾ ਸੌਖੀਆਂ ਨੇ ਅੱਜ ਕੱਲ੍ਹ.....।" ਜੱਗੇ ਦੀ ਮਾਂ ਬੋਲੀ।

"ਆਹੋ ਆਹੋ...... ਤੂੰ ਤਾਂ ਮੂਹਰਿਓਂ ਆਏਂ ਤਰਫ਼ਦਾਰੀ ਕਰਦੀ ਐਂ ਜਿਵੇਂ ਕਿਤੇ ਮੈਂ ਓਹਨੂੰ ਹੁਣੇ ਖੇਤਾਂ ਚ ਵੱਟਾਂ ਪਾਉਣ ਭੇਜਣ ਲੱਗਿਆਂ..... ਜਿੰਨਾਂ ਤੈਨੂੰ ਪਿਆਰਾ ਓਨਾ ਈ ਮੈਨੂੰ ਵੀ ਪਿਆਰਾ.... ਮੈਂ ਕਿਤੇ ਸਿੱਟਿਆ ਹੋਇਆ।" ਬਾਪੂ ਬੋਲਿਆ।

"ਚੰਗਾ ਹੁਣ ਬਹੁਤੀ ਵਕਾਲਤ ਨਾ ਦੜ੍ਹਾ ਜੱਗੇ ਦੇ ਬਾਪੂ, ਰੋਟੀ ਖਾ ਲਾ ਚੁੱਪ ਕਰ ਕੇ...।" (ਰੋਟੀ ਥਾਲ਼ੀ ਵਿੱਚ ਪਾਉਂਦੀ ਹੋਈ ਜੱਗੇ ਦੀ ਮਾਂ)।

(ਬਾਪੂ ਵਿਹੜੇ ਵਿਚਲੇ ਔਲੂ ਵਿੱਚੋਂ ਗੜਬੀ ਨਾਲ ਪਾਣੀ ਕੱਢ ਕੇ ਹੱਥ, ਮੂੰਹ ਤੇ ਪੈਰ ਧੋਂਦਾ ਹੈ)

ਵਿਹੜੇ ਵਿੱਚ ਡਾਹੇ ਮੰਜੇ ਤੇ ਬੈਠ ਕੇ ਬਾਪੂ ਰੋਟੀ ਖਾਂਦਾ ਹੈ ਤੇ ਜੱਗੇ ਦੀ ਮਾਂ ਕੋਲ਼ ਪੀੜ੍ਹੀ ਡਾਹ ਕੇ ਬੈਠਦੀ ਹੈ। ਦੋਵੇਂ ਜਣੇ ਆਪਸ ਵਿੱਚ ਗੱਲਾਂ ਬਾਤਾਂ ਕਰਦੇ ਹਨ ਤੇ ਨਾਲ ਨਾਲ ਪੱਖੀ ਨਾਲ ਝੱਲ ਮਾਰਦੀ ਹੋਈ ਜੱਗੇ ਦੀ ਮਾਂ ਉਸ ਦੇ ਬਾਪੂ ਨੂੰ ਜੱਗੇ ਦੇ ਮਿੱਤਰਾਂ ਦੇ ਆਉਣ ਬਾਰੇ ਦੱਸਦੀ ਹੈ।ਉਸ ਦਾ ਬਾਪੂ ਕਹਿੰਦਾ ਹੈ ਕਿ ਉਹ ਤਾਂ ਦੋ ਦਿਨ ਮੋਟਰ ਤੇ ਹੀ ਸੌਂ ਜਾਊ। ਜਵਾਕ ਇੱਥੇ ਆਪਣਾ ਅਰਾਮਦਾਰੀ ਨਾਲ ਹੱਸਣ ਖੇਡਣ।

ਅਗਲੇ ਦਿਨ ਸ਼ਾਮ ਨੂੰ ਜੱਗੇ ਦੇ ਨਾਲ ਪੜ੍ਹਨ ਵਾਲੇ ਕੁੜੀਆਂ ਤੇ ਮੁੰਡੇ ਦੋ ਕਾਰਾਂ ਭਰ ਕੇ ਆ ਗਏ। ਜੱਗੇ ਦੀ ਮਾਂ ਨੇ ਉਹਨਾਂ ਦੀ ਬਹੁਤ ਖਾਤਰਦਾਰੀ ਕੀਤੀ। ਉਹਨਾਂ ਨੂੰ ਗਰਮ ਗਰਮ ਪਕੌੜੇ ਆਪ ਕੱਢ ਕੇ ਖਵਾਏ, ਨਾਲ਼ ਚਾਹ ਵੀ ਬਣਾ ਕੇ ਦਿੱਤੀ । ਜੱਗੇ ਤੋਂ ਪਿੰਡ ਦੇ ਮੋੜ ਤੋਂ ਗਰਮ ਗਰਮ ਜਲੇਬੀਆਂ ਮੰਗਵਾ ਕੇ ਖਵਾਈਆਂ। ਸਾਰੇ ਬਹੁਤ ਖੁਸ਼ ਸਨ।ਉਹ ਸ਼ਹਿਰੀ ਮਾਹੌਲ ਵਾਲੇ ਜਵਾਕ ਸਨ,ਉਹ ਪਿੰਡ ਦੀ ਇੱਕ ਇੱਕ ਚੀਜ਼ ਨੂੰ ਗਹੁ ਨਾਲ ਦੇਖ ਦੇਖ ਕੇ ਖੁਸ਼ ਹੋ ਰਹੇ ਸਨ।

ਸ਼ਾਮ ਨੂੰ ਜੱਗੇ ਦੀ ਬੀਬੀ ਨੇ ਆਖਿਆ,"ਪੁੱਤ , ਤੂੰ ਇਹਨਾਂ ਨੂੰ ਮੋਟਰ ਤੇ ਘੁਮਾ ਫਿਰਾ ਲਿਆ,ਗਰਮੀ ਬਹੁਤ ਆ ਜਦ ਤੱਕ ਮੈਂ ਥੋੜੇ ਸਭ ਲਈ ਰਾਤ ਦੀ ਰੋਟੀ ਬਣਾ ਕੇ ਰੱਖਦੀ ਆਂ।"

(ਜੱਗਾ ਆਪਣੇ ਸਾਥੀਆਂ ਨੂੰ ਮੋਟਰ ਤੇ ਘੁੰਮਾਉਣ ਚਲਿਆ ਗਿਆ)

ਸਾਰੇ ਮੁੰਡੇ ਟਿਊਬਵੈੱਲ ਤੇ ਬਣੇ ਔਲੂ ਵਿੱਚ ਨਹਾ ਰਹੇ ਸਨ , ਤਾਜ਼ੇ ਠੰਡੇ ਪਾਣੀ ਦੇ ਨਜ਼ਾਰੇ ਮਾਣ ਰਹੇ ਸਨ। ਜੱਗੇ ਦਾ ਬਾਪੂ ਮੁੜ੍ਹਕੋ ਮੁੜ੍ਹਕਾ ਹੋਇਆ ਪਾਣੀ ਦਾ ਨੱਕਾ ਦੂਜੇ ਖੇਤ ਵੱਲ ਨੂੰ ਮੋੜਨ ਲਈ ਕਹੀ ਲੈ ਕੇ ਮੋਟਰ ਕੋਲ਼ ਆਇਆ ਤਾਂ ਮੋਟਰ ਕੋਲ਼ ਲਾਈ ਬਗੀਚੀ ਵਿੱਚ ਘੁੰਮਦੀਆਂ ਕੁੜੀਆਂ ਕੋਲੋਂ ਦੀ ਲੰਘਿਆ ਤਾਂ ਇੱਕ ਸ਼ਹਿਰਨ ਕੁੜੀ ਜੱਗੇ ਨੂੰ ਉੱਚੀ ਦੇਣੇ ਹਾਕ ਮਾਰਕੇ ਆਖਣ ਲੱਗੀ,"ਜਗਮੀਤ,ਯਹ ਤੁਮਾਰੇ ਨੌਕਰ ਕੋ ਬਿਲਕੁਲ ਤਮੀਜ਼ ਨਹੀਂ ਹੈ,ਹਮ ਗਾਰਡਨ ਮੇਂ ਇਨਜੁਆਏ ਕਰ ਰਹੇ ਹੈਂ, ਯਹ ਇਧਰ ਇਤਨੇ ਗੰਦੇ ਪਸੀਨੇ ਕੀ ਬਦਬੂ ਵਾਲੇ ਕੱਪੜੇ ਪਹਿਨ ਕਰ ਘੂਮ ਰਹਾ ਹੈ।ਯਾਰ ...ਤੁਮ ਲੋਗ ਇਨ ਕੋ ਥੋੜੀ ਅਕਲ ਦੋ , ਸਫ਼ਾਈ ਕਾ ਬਿਲਕੁਲ ਧਿਆਨ ਨਹੀਂ ਰਖਤੇ ਯਹ ਲੋਗ।" ਜੱਗਾ ਆਪਣੇ ਬਾਪੂ ਬਾਰੇ ਆਖੀ ਉਸ ਕੁੜੀ ਦੀ ਗੱਲ ਸੁਣ ਕੇ ਉਸ ਦਾ ਕਾਲਜਾ ਮੂੰਹ ਨੂੰ ਆ ਗਿਆ ਤੇ ਉੱਥੋਂ ਹੀ ਬੋਲਿਆ,"ਏ ਸੋਨੀਆ! ਇਹ ਸਾਡਾ ਨੌਕਰ ਨਹੀਂ,ਆਹ ਖੇਤਾਂ ਦਾ ਮਾਲਕ ਐ.... ਜਿਹੜੇ ਨਿੱਤ ਨਵੇਂ ਨਵੇਂ ਖਾਣੇ ਟੇਬਲਾਂ ਤੇ ਬਹਿ ਕੇ ਖਾਂਦੇ ਓਂ,ਉਹ ਇਹਨਾਂ ਦੀ ਐਸੇ ਪਸੀਨੇ ਨਾਲ ਉੱਗ ਕੇ ਪਹੁੰਚਦੇ ਆ ਥੋੜੇ ਤੱਕ।"

" ਜਗਮੀਤ ਤੁਮ ਕਿਆ ਬੋਲ ਰਹੇ ਹੋ,ਮੁਝੇ ਤੋ ਕੁਛ ਸਮਝ ਨਹੀਂ ਆ ਰਹਾ।" ਉਹ ਕੁੜੀ ਬੋਲੀ।

"ਸੋਨੀਆ,ਇਹ ਮੇਰੇ ਬਾਪੂ ਜੀ ਹਨ, ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋ ਕੇ ਹੀ ਫ਼ਸਲਾਂ ਉੱਗਦੀਆਂ ਹਨ।ਇਸ ਮਿੱਟੀ ਵਿੱਚ ਮੇਰੇ ਬਾਪੂ ਦਾ ਪਤਾ ਨਹੀਂ ਕਿੰਨਾ ਮੁੜ੍ਹਕਾ ਮਿਲਿਆ ਹੋਇਆ।"

"ਓ,ਸੌਰੀ.... ਜਗਮੀਤ.... ਮੇਰੇ ਸੇ ਗਲਤੀ ਹੋ ਗਈ।(ਜੱਗੇ ਦੇ ਬਾਪੂ ਕੋਲ਼ ਜਾ ਕੇ) ਅੰਕਲ ਜੀ ਸੌਰੀ , ਮੈਨੇਂ ਆਪ ਕੋ ਗਲਤ ਬੋਲ ਦੀਆ ।"

" ਕੋਈ ਨਾ ਪੁੱਤਰਾ .... ਅਸੀਂ ਨੀ ਗੁੱਸਾ ਕਰਦੇ, ਤੁਸੀਂ ਸ਼ਹਿਰੀ ਲੋਕਾਂ ਨੂੰ ਪਿੰਡ ਦੀਆਂ ਗੱਲਾਂ ਬਾਰੇ ਪਿੰਡ ਆ ਕੇ ਈ ਪਤਾ ਲੱਗੂ। ਤੇਰੀ ਇਸ ਗੱਲ ਨੇ ਤਾਂ ਮੈਨੂੰ ਮੇਰੇ ਪੁੱਤ ਦੀ ਅਸਲੀਅਤ ਦੱਸ ਦਿੱਤੀ ਕਿ ਉਸ ਨੂੰ ਆਪਣੇ ਬਾਪੂ ਦੇ ਮੁੜ੍ਹਕੇ ਦੀ ਕੀਮਤ ਪਤਾ ਹੈ।ਨਹੀ ਤਾਂ ਮੈਂ ਮਨ ਵਿੱਚ ਡਰ ਪਾਲ਼ੀ ਬੈਠਾ ਸੀ ਕਿ ਆਹ ਫੈਸ਼ਨ ਜਿਹੇ ਕਰਕੇ ਕਾਲਜ ਜਾਂਦਾ ਕਿਤੇ ਮੇਰਾ ਮੁੰਡਾ ਹੱਥਾਂ ਚੋਂ ਤਾਂ ਨੀ ਨਿਕਲ਼ ਗਿਆ।" ਕਹਿਕੇ ਜੱਗੇ ਦਾ ਬਾਪੂ ਅੰਦਰੋਂ ਉੱਠੀ ਸੱਚੀ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੋਇਆ ਠਹਾਕਾ ਮਾਰਦਾ ਹੈ।ਜੱਗੇ ਦੇ ਸਾਰੇ ਦੋਸਤ ਵੀ ਉਸ ਨਾਲ ਹੱਸਣ ਲੱਗਦੇ ਹਨ।ਜੱਗਾ ਕਹਿੰਦਾ ਹੈ,"ਬਾਪੂ,ਆ ਸੂਟ ਬੂਟ ਪਾ ਕੇ ਵੀ ਤੇਰੇ ਸਿਰ ਤੇ ਈ ਐਸ਼ਾਂ ਕਰਦਾਂ..... ਤੂੰ ਮੇਰਾ ਦਿਲ ਖੋਲ੍ਹ ਕੇ ਤਾਂ ਦੇਖ, ਤੇਰੇ ਮੁੜ੍ਹਕੇ ਦੀ ਖੁਸ਼ਬੋਈ ਨਾਲ ਮਹਿਕਾਂ ਮਾਰਦਾ।" ਦੋਵੇਂ ਬਾਪ ਬੇਟਾ ਘੁੱਟ ਕੇ ਜੱਫੀ ਪਾ ਲੈਂਦੇ ਹਨ। ਸਾਰੇ ਦੋਸਤ ਉਹਨਾਂ ਨੂੰ ਦੇਖ ਕੇ ਭਾਵੁਕ ਹੋ ਜਾਂਦੇ ਹਨ।



ਬਰਜਿੰਦਰ ਕੌਰ ਬਿਸਰਾਓ...
9988901324

# (ਜ਼ਿੰਦਗੀ ਨੂੰ ਵਰਤਮਾਨ ਪਲਾਂ ਵਿੱਚ ਜੀਓ)

ਬੀਤੇ ਨੂੰ ਭੁੱਲ ਕੇ ਵਰਤਮਾਨ ਵਿੱਚ ਜੀਓ। ਆਉਣ ਵਾਲੇ ਭਵਿੱਖ ਦਾ ਕਿਉਂ ਫਿਕਰ ਕਰਦੇ ਜੀਓ। ਵਰਤਮਾਨ ਪਲ ਹੀ ਕੀਮਤੀ ਹੁੰਦੇ, ਇਨ੍ਹਾਂ ਦਾ ਮਾਣੋ ਆਨੰਦ। ਜੋ ਸਮਝ ਗਿਆ ਕੁਦਰਤ ਦਾ ਫਲਸਫਾ, ਉਸ ਨੂੰ ਮਿਲਦਾ ਪਰਮ ਅਨੰਦ। ਕੋਈ ਆਸਾਨੀ ਨਾਲ ,ਸਮਝਦਾ ਤਾਂ ਸਮਝਾਓ। ਨਹੀਂ ਤਾਂ ਐਵੇਂ, ਮੁਫਤ ਦਾ ਦੁਸ਼ਮਣ ਨਾ ਬਣਾਓ। ਵਰਤਮਾਨ ਵਿੱਚ, ਕੀਮਤੀ ਲੋਕ ਉਹ ਹੁੰਦੇ ਹਨ, ਜਿਨ੍ਹਾਂ ਕੋਲ ਬੈਠ ਕੇ, ਦਿਲ ਹੌਲਾ ਕਰਨ ਲਈ, ਕੋਈ ਸ਼ਬਦ ਨ੍ਹੀਂ ਲੱਭਣੇ ਪੈਂਦੇ।ਆਪ ਮੁਹਾਰੇ ਖੁਸ਼ੀਆਂ ਮਿਲਦੀਆਂ ਹਨ। ਵਧੀਆ ਮਾਹੌਲ ਸਿਰਜਣ ਲਈ ਚੰਗੇ ਸ਼ਬਦਾਂ ਦੀ ਚੋਣ ਕਰੋ। ਚੰਗੀ ਭਾਸ਼ਾ ਤੁਹਾਡੇ ਚੰਗੇ ਸੰਸਕਾਰਾਂ ਵਿੱਚੋਂ ਆਉਂਦੀ ਹੈ। ਜਿਸ ਦਾ ਨਾਤਾ ਤੁਹਾਡੇ ਪੁਰਖਿਆਂ ਨਾਲ ਜਾ ਜੁੜਦਾ ਹੈ। ਵਰਤਮਾਨ ਦੇ ਹਰ ਪਲ ਨੂੰ ਨਿਠ ਕੇ ਜੀਓ। ਸਮਾਂ ਬਹੁਤ ਤੇਜ਼ੀ ਨਾਲ ਲੰਘ ਜਾਂਦਾ ਹੈ, ਲੰਘਿਆ ਸਮਾਂ ਮੁੜ ਨਹੀਂ ਆਉਂਦਾ। ਜੋ ਲੱਜ਼ਤ ਸੈਰ ਕਰਕੇ, ਅਪਣੇ ਹਮਖਿਆਲ ਹਾਣੀਆਂ ਵਿੱਚ ਵਿਚਰਕੇ, ਆਉਂਦੀ ਹੈ, ਉਹ ਕਿਤੋਂ ਮੁਲ ਨਹੀਂ ਖ਼ਰੀਦੀ ਜਾ ਸਕਦੀ। ਵਰਤਮਾਨ ਵਿੱਚ ਲੰਘੇ ਹੋਏ ਸਮੇਂ ਦੇ, ਤਜ਼ਰਬਿਆਂ ਨਾਲ, ਹੁਣ ਵਾਲੇ ਪਲਾਂ ਨੂੰ ਮਾਲਾਮਾਲ ਕਰੋ। ਭਵਿੱਖ ਦੀਆਂ ਉਡਾਰੀਆਂ ਨੂੰ ਵੀ ਸੇਧ ਦੇ ਸਕਦੇ ਹੋ। ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ।ਆਂਢ ਗੁਆਂਢ ਵਿੱਚ ਜਾਂ ਅਪਣੇ ਪਰਿਵਾਰ ਦੇ ਬੱਚਿਆਂ, ਮੈਂਬਰਾਂ ਨਾਲ ਵੀ ਸਾਂਝਾਂ ਬਣਾਓ। ਉਨ੍ਹਾਂ ਦੇ ਪੱਧਰ ਦੀਆਂ ਗੱਲਾਂ ਕਰਕੇ, ਖੇਡਾਂ ਖੇਡਕੇ ਮਜ਼ੇ ਲਓ। ਦੋਨੋਂ ਧਿਰਾਂ ਦਾ ਵਧੀਆ ਮਨੋਰੰਜਨ ਹੋਵੇਗਾ।



ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639

Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

**ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ**



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

**ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।**

**+44 7878 456484**

**email:-Samajweekly@gmail.com**